# ਭਾਵ ਸਮਾਧੀ ਨਾਮਕ ਦਸਵਾਂ ਅਧਿਐਨ

ਤੀਰਥੰਕਰਾਂ ਨੇ ਵਸਤੂ ਦਾ ਸ਼ੁਧ ਸਵਰੂਪ ਵਰਨਣ ਕਰਨ ਵਾਲੇ ਤੋਂ ਸਮਾਧੀ (ਮੁਕਤੀ ਰੂਪੀ ਸੁੱਖ) ਦੇਣ ਵਾਲੇ ਧਰਮ ਦਾ ਵਰਨਣ ਕੀਤਾ ਹੈ। ਉਸ ਨੂੰ ਧਿਆਨ ਨਾਲ ਸੁਣੋ। ਸਾਧੂ ਸੰਜਮ ਦਾ ਪਾਲਣ ਕਰਦਾ ਲੋਕ ਤੇ ਪਰਲੋਕ ਦੇ ਸੁੱਖਾਂ ਦੀ ਇੱਛਾ ਨਾ ਕਰੇ। ਜੀਵ ਹਿੰਸਾ ਤੋਂ ਬਚਦਾ ਹੋਇਆ, ਸਮਾਧੀ ਧਾਰਨ ਕਰਕੇ ਸੰਜਮ ਦਾ ਪਾਲਣ ਕਰੇ। (1)[1]

ਉਰਧ (ਉਪਰ) ਅਧੋ (ਹੇਠ) ਅਤੇ ਤਿਰਛੀ ਦਿਸ਼ਾਵਾਂ ਵਿਚ ਜੋ ਵੀ ਤਰਸ ਤੇ ਸਥਾਵਰ ਜੀਵ ਹਨ। ਉਨ੍ਹਾਂ ਜੀਵਾਂ ਨੂੰ ਹਥ ਪੈਰ ਕਾਬੂ ਕਰਕੇ ਕਸ਼ਟ ਨਹੀਂ ਪਹੁੰਚਾਨਾ ਚਾਹੀਦਾ। ਹੱਥ ਪੈਰ ਆਦਿ ਨੂੰ ਇਸ ਪ੍ਰਕਾਰ ਸੰਜਮ ਵਿਚ ਰੱਖੇ ਕਿ ਹਿੰਸਾ ਨਾ ਹੋਵੇ। ਬਿਨਾ ਦਿੱਤੀ ਵਸਤੂ ਗ੍ਰਹਿਣ ਨਾ ਕਰੇ। (2)

---

ਟਿੱਪਣੀ ਗਾਥਾ (1) ਟੀਕਾਕਾਰ ਸ਼ੀਲਾਂਕਾਚਾਰੀਆ ਨੇ ਤੀਰਥੰਕਰਾਂ ਲਈ ਕਈ ਵਿਸ਼ੇਸ਼ਣਾ ਦੀ ਵਰਤੋਂ ਕੀਤੀ। ਜਿਵੇਂ ਮਤਿਮਾਨ ਜਿਸਦਾ ਭਾਵ ਹੈ ਕੇਵਲ ਗਿਆਨੀ ਪੁਰਸ਼ ਹੀ ਮਤਿਮਾਨ ਹੁੰਦੇ ਹਨ। ਕਿਉਂਕਿ ਗਿਆਨ ਨੂੰ ਮਤੀ ਆਖਦੇ ਹਨ। ਜਿਸ ਵਿਚ ਮਤੀ ਹੋਵੇ ਉਹ ਮਤੀਮਾਨ ਹੈ। ਭਾਵੇਂ ਮੂਲ ਗਾਥਾਂ ਵਿਚ ਤੀਰਥੰਕਰ ਨਹੀਂ ਪਰ ਫੇਰ ਵੀ ਇਥੇ ਮਤੀਮਾਨ ਤੋਂ ਭਾਵ ਤੀਰਥੰਕਰ ਹੈ।

ਤੀਰਥੰਕਰ ਸਰਲ ਤੇ ਯਥਾਰਥ ਧਰਮ ਦਾ ਉਪਦੇਸ਼ ਦਿੰਦੇ ਹਨ। ਉਨ੍ਹਾਂ ਦੇ ਉਪਦੇਸ਼ ਵਿਚ ਕੋਈ ਸ਼ਕ ਨਹੀਂ ਹੁੰਦਾ।

ਗਾਥਾ ਨੰ: 2 ਦੀ ਟਿੱਪਣੀ—ਪ੍ਰਾਣਾਤਿਪਾਤ (ਹਿੰਸਾ) ਆਦਿ ਕਰਮ ਬੰਧ ਦੇ ਕਾਰਣ ਹਨ। ਪ੍ਰਾਣਾਤਿਪਾਤ ਦੇ ਚਾਰ ਭੇਦ ਹਨ। ਜੋ ਭਿੰਨ-ਭਿੰਨ ਦਿਸ਼ਾਵਾਂ ਅਤੇ ਉਪ ਦਿਸ਼ਾਵਾਂ ਵਿਚ ਪਾਏ ਜਾਂਦੇ ਹਨ।

(1) ਖੇਤਰ ਪ੍ਰਾਣਾਤਿਪਾਤ—ਉਪਰ ਹੇਠਾਂ ਤਿਰਛੇ ਤਿਨ ਲੋਕਾਂ ਦੀ ਹਿੰਸਾ ਖੇਤਰ ਪ੍ਰਾਣਾਤਿਪਾਤ ਹੈ।

(2) ਦਰਵ ਪ੍ਰਾਣਾਤਿਪਾਤ—ਜੋ ਪ੍ਰਾਣੀ ਡਰਦੇ ਹਨ ਉਹ ਤਰਸ ਅਖਵਾਉਂਦੇ ਹਨ ਉਹ ਦੋ ਇੰਦਰੀਆਂ ਤੋਂ ਲੈ ਕੇ ਪੰਜ ਇੰਦਰੀਆਂ ਦੇ ਜੀਵ ਹਨ। ਇਨ੍ਹਾਂ ਨੂੰ ਪੀੜ ਦੇਨਾ ਦਰਵ ਪ੍ਰਾਣਾਤਿਪਾਤ ਹੈ।

(3) ਕਾਲ ਪ੍ਰਾਣਾਤਿਪਾਤ—ਦਿਨ ਤੇ ਰਾਤ ਜੀਵ ਹਿੰਸਾ ਕਰਨਾ ਕਾਲ ਪ੍ਰਾਣਾਤਿਪਾਤ ਹੈ।

ਸ਼ਰੁਤ ਤੇ ਚਾਰਿਤਰ ਰੂਪੀ ਧਰਮ ਦੀ ਠੀਕ ਵਿਆਖਿਆ ਕਰਨ ਵਾਲਾ, ਤੀਰਥੰਕਰਾਂ ਦੇ ਧਰਮ ਪ੍ਰਤਿ ਸ਼ੰਕਾਂ ਤੋਂ ਰਹਿਤ, ਸਮਦਰਸ਼ੀ ਤਪਸਵੀ ਮੁਨੀ, ਨਿਰਦੋਸ਼ ਭੋਜਨ ਨਾਲ ਜੀਵਨ ਗੁਜ਼ਾਰਣ ਵਾਲਾ, ਪਿਰਥਵੀ ਆਦਿ ਦੇ ਜੀਵਾਂ ਨੂੰ ਆਤਮਾ ਤੁੱਲ ਸਮਝਦਾ ਹੋਇਆ ਸੰਜਮ ਦਾ ਪਾਲਨ ਕਰੇ। ਅਸੰਜਮ ਰੂਪੀ ਜੀਵਨ ਦਾ ਇਛੁਕ ਹੋ ਕੇ ਆਸ਼ਰਵਾ (ਪਾਪ ਦੇ ਦਰਵਾਜ਼ੇ) ਦਾ ਸੇਵਨ ਨਾ ਕਰੇ, ਭਵਿੱਖ ਲਈ ਧਨ ਤੇ ਅਨਾਜ ਵੀ ਇਕੱਠਾ ਨਾ ਕਰੇ। (3)

ਮੁਨੀ ਇਸਤਰੀਆਂ ਸੰਬੰਧੀ ਸਾਰੇ ਵਿਸ਼ੇ ਵਿਕਾਰਾਂ ਦਾ ਸੰਬਰ (ਰੋਕ) ਕਰੇ। ਅੰਦਰਲੇ ਤੇ ਬਾਹਰਲੇ ਮੇਲ ਮਿਲਾਪ ਤੋਂ ਰਹਿਤ ਹੋ ਸੰਜਮ ਦਾ ਪਾਲਨ ਕਰੇ। ਵੇਖੋ ! ਸੰਸਾਰ ਦੇ ਸਾਰੇ ਪ੍ਰਾਣੀ ਭਿੰਨ-ਭਿੰਨ ਗਤੀਆਂ (ਜੂਨਾਂ) ਵਿੱਚ ਰਹਿ ਕੇ ਕਸ਼ਟ ਪਾ ਰਹੇ ਹਨ। ਸੰਤਾਪ ਭੋਗ ਰਹੇ ਹਨ। (4)

ਅਗਿਆਨੀ ਜੀਵ ਉਪਰੋਕਤ ਪ੍ਰਿਥਵੀ ਕਾਇਆ ਆਦਿ ਦੇ ਪ੍ਰਾਣੀਆਂ ਨੂੰ ਕਸ਼ਟ ਦਿੰਦਾ ਹੋਇਆ ਪਾਪ ਕਰਮੀ ਇਨ੍ਹਾਂ ਪ੍ਰਿਥਵੀ ਕਾਇਆ ਆਦਿ ਜੂਨਾਂ ਵਿਚ ਘੁਮਦਾ ਹੈ। ਜੀਵ ਹਿੰਸਾ ਕਰਕੇ ਪ੍ਰਾਣੀ ਪਾਪ ਕਰਮ ਕਰਦਾ ਹੈ ਤੇ ਦੂਸਰੇ ਰਾਹੀ ਹਿੰਸਾ ਕਰਵਾਕੇ ਜੀਵ ਪਾਪ ਕਰਦਾ ਹੈ। (5)

ਭਿਖਾਰੀਆਂ ਦੀ ਆਦਤਾਂ ਵਾਲਾ ਵੀ ਪਾਪ ਕਰਮ ਕਰਦਾ ਹੈ ਅਜੇਹਾ ਸਮਝ ਕੇ, ਤੀਰਥੰਕਰਾਂ ਨੇ ਭੋਜਨ ਪ੍ਰਤਿ ਮਮਤਾ ਤਿਆਗ ਨੂੰ ਏਕਾਂਤ ਸਮਾਧੀ ਦਾ ਰਾਹ ਦੱਸਿਆ ਹੈ। ਇਸ ਲਈ ਗਿਆਨ ਸਮਾਧੀ ਵਿਚ ਰਹਿਣ ਵਾਲਾ, ਸ਼ੁਧ ਚਿੱਤ ਪੁਰੁਸ਼, ਸਮਾਧੀ ਤੇ ਵਿਵੇਕ ਵਿਚਾਰਾਂ ਅਤੇ ਹਿੰਸਾ ਤੋਂ ਛੁਟਕਾਰਾ ਪਾਵੇ। (6)

---

(4) ਭਾਵ ਪ੍ਰਾਣਾਤਿਪਾਤ—ਹੱਥ ਪੈਰ ਬਨ ਕੇ ਕਸ਼ਟ ਦੇਨਾ ਭਾਵ ਪ੍ਰਾਣਾਤਿਪਾਤ ਹੈ। ਇਸ ਪ੍ਰਕਾਰ ਛਿੱਕ, ਮਾਹ, ਖਾਸੀ ਅਤੇ ਅਧੋਵਾਯੂ ਦੇ ਨਿਕਲਨ ਸਮੇਂ ਮਨ ਬਚਨ ਤੇ ਸ਼ਰੀਰ ਦੀ ਕ੍ਰਿਆ ਨੂੰ ਕਾਬੂ ਰਖਕੇ ਭਾਵ ਸਮਾਧੀ ਪਾਲਨੀ ਚਾਹੀਦੀ ਹੈ।

(ਟੀਕਾਕਾਰ ਸ਼ੀਲਾਂਕਾਚਾਰਿਆ)

ਟਿਪਣੀ ਗਾਥਾ 5—ਪ੍ਰਸ਼ਨ—ਉਹ ਕੇਹੜੇ ਪਾਪ ਸਥਾਨ ਹਨ ਜਿਨ੍ਹਾਂ ਵਿਚ ਪ੍ਰਾਣੀ ਫਸਦੇ ਹਨ ਤੇ ਨਿਕਲਦੇ ਹਨ।

ਉੱਤਰ—ਜੀਵ ਹਿੰਸਾ ਕਰਨ ਕਾਰਣ ਪ੍ਰਾਣੀ ਗਿਆਨਾ ਵਰਨੀਆਂ ਆਦਿ ਅਸ਼ੁਭ ਕਰਮ ਬੰਧ ਕਰਦਾ ਹੈ ਅਤੇ ਜੋ ਅਪਣੇ ਨੌਕਰ ਆਦਿ ਦੀ ਜੀਵ ਹਿੰਸਾ ਦੀ ਆਗਿਆ ਦਿੰਦਾ ਹੈ ਉਹ ਪਾਪ ਕਰਮ ਕਰਦਾ ਹੈ ਅਤੇ ਜੋ ਤੂੰ ਸ਼ਬਦ ਰਾਹੀਂ ਝੂਠ, ਚੋਰੀ, ਵਿਭਚਾਰ, ਪਰਿਗ੍ਰਹਿ ਕਰਦਾ ਹੈ, ਦੂਸਰੇ ਤੋਂ ਕਰਾਉਂਦਾ ਹੈ। ਉਹ ਪਾਪ ਦਾ ਇੱਕਠ ਕਰਦਾ ਹੈ। (ਟੀਕਾਕਾਰ ਸ਼ੀਲਾਂਕਾਚਾਰਿਆ)

ਇਨ੍ਹਾਂ ਪਾਪ ਕਰਮਾਂ ਤੋਂ ਪਰੇ ਆਦਿ ਹੀ ਆਤਮ ਕਲਿਆਨ ਕਰ ਸਕਦਾ ਹੈ।

ਸਾਰੇ ਜੀਵਾਂ ਨੂੰ ਸਮਭਾਵ ਨਾਲ ਵੇਖਣ ਵਾਲਾ ਮੁਨੀ, ਕਿਸੇ ਪ੍ਰਤਿ ਪਿਆਰ ਅਤੇ ਕਿਸੇ ਨਾਲ ਨਫਰਤ ਦੀ ਭਾਵਨਾ ਨਾ ਰੱਖੇ। ਪਰ ਕਈ ਜੀਵ ਸੰਜਮ ਧਾਰਨ ਕਰਕੇ ਕਸ਼ਟ ਆਉਣ ਤੇ, ਸਾਧੂ ਜੀਵਨ ਤਿਆਗ ਦਿੰਦੇ ਹਨ। ਕਈ ਲੋਕ ਪੂਜਾ, ਤੇ ਪ੍ਰਸ਼ੰਸਾ ਲਈ ਸਾਧੂ ਬਣ ਜਾਂਦੇ ਹਨ। (7)

ਜੋ ਪੁਰਸ਼ ਆਧਾ ਕਰਮੀ ਭੋਜਨ ਦੀ ਇੱਛਾ ਰੱਖਦਾ ਹੈ ਅਤੇ ਅਜਿਹੇ ਭੋਜਨ ਦੀ ਖੂਬ ਤਲਾਸ਼ ਕਰਦਾ ਹੈ। ਉਹ ਸੰਜਮ ਤੋਂ ਗਿਰ ਕੇ ਸੰਸਾਰ ਦੇ ਚਿੱਕੜ ਵਿਚ ਫਸਦਾ ਹੈ ਇਸਤਰੀ ਪ੍ਰਤਿ ਉਲਝਦਾ ਹੈ। ਇਸਤਰੀਆਂ ਦੀਆਂ ਅਦਾਵਾਂ ਵਿਚ ਦਿਲਚਸਪੀ ਲੈਂਦਾ ਹੈ ਉਹ ਇਸਤਰੀਆਂ ਲਈ ਪਰਿਗ੍ਰਹਿ ਇੱਕਠਾ ਕਰਦਾ ਹੈ। (8)

ਜੋ ਪੁਰਸ਼ ਜੀਵਾਂ ਨੂੰ ਕਸ਼ਟ ਦੇਕੇ ਵੈਰ ਕਰਦਾ ਹੈ ਉਹ ਪਾਪ ਕਰਮ ਬੰਧ (ਸੰਗ੍ਰਹਿ) ਕਰਦਾ ਹੈ। ਉਹ ਮਰਕੇ ਨਰਕ ਵਿਚ ਜਨਮ ਲੈਂਦਾ ਹੈ। ਇਸ ਲਈ ਸਮਝਦਾਰ ਧਰਮ ਨੂੰ ਸਮਝ ਕੇ, ਸਾਰੇ ਦੁਰਾਚਾਰ ਤਿਆਗ ਕੇ ਸੰਜਮ ਦਾ ਪਾਲਨ ਕਰੇ। (9)

ਸਾਧੂ ਭੋਗੀ ਜੀਵਨ ਦੀ ਇੱਛਾ ਵਸ ਧਨ ਸੰਗ੍ਰਹਿ ਨਾ ਕਰੇ। ਪੁੱਤਰ ਰਿਸ਼ਤੇਦਾਰ ਦੇ ਮੋਹ ਤੋਂ ਪਰਾਂ ਰਹੇ। ਸੋਚ ਸਮਝ ਕੇ ਬੋਲੇ। ਸ਼ਬਦ ਆਦਿ ਵਿਸ਼ਿਆਂ ਤੋਂ ਦੂਰ ਹੋ ਕੇ ਹਿੰਸਾ ਭਰੀ ਕਥਾ ਨਾ ਕਰੇ। (10)

ਪੰਡਿਤ ਸਾਧੂ ਆਧਾਕਰਮੀ ਭੋਜਨ ਦੀ ਇੱਛਾ ਨਾ ਕਰੇ। ਜੋ ਆਧਾਕਰਮੀ ਭੋਜਨ ਕਰਦਾ ਹੈ, ਉਨ੍ਹਾਂ ਦੀ ਸੰਗਤ ਨਾ ਕਰੇ। ਨਿਰਜਰਾ (ਕਰਮ ਦੇ ਝੜਨੀ ਦੀ ਕ੍ਰਿਆ) ਨੂੰ ਜਾਨਦਾ ਹੋਇਆ ਤਪ ਰਾਹੀਂ ਸ਼ਰੀਰ ਨੂੰ ਕਮਜੋਰ ਕਰੇ। ਸ਼ਰੀਰ ਦੇ ਲਈ ਦੁੱਖ ਨਾ ਮੰਨਦਾ ਹੋਇਆ ਸੰਜਮ ਦਾ ਹੀ ਪਾਲਣ ਕਰੇ। (11)

ਸਾਧੂ ਏਕਤਵ ਭਾਵਨਾ ਨਾਲ ਸੋਚੇ "ਇਹ ਜੀਵ ਇਕਲਾ ਆਇਆ ਹੈ ਇੱਕਲਾ ਜਾਵੇਗਾ। ਇੱਕਲਾ ਹੀ ਕਰਮਾਂ ਦਾ ਫਲ ਭੋਗਦਾ ਹੈ। ਇਸ ਵਿਚ ਕੋਈ ਸਹਾਇਕ ਨਹੀਂ।" ਇਸ ਪ੍ਰਕਾਰ ਦੀ ਏਕਤਵ ਭਾਵਨਾ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ। ਇਸ ਗੱਲ ਵਿੱਚ ਕੋਈ ਝੂਠ ਨਹੀਂ। ਇਸ ਲਈ ਏਕਤਵ ਭਾਵਨਾ ਵਾਲਾ ਖਿਮਾਵਾਨ ਸਾਧੂ ਸਤਿਆਗ੍ਰਹਿ ਤੇ ਤਪਸਵੀ ਹੁੰਦਾ ਹੈ। ਉਹ ਭਾਵ (ਅੰਦਰਲੀ) ਸਮਾਧੀ ਵਾਲਾ ਹੁੰਦਾ ਹੈ। (12)

ਇਸਤਰੀਆਂ ਦੇ ਨਾਲ ਕਾਮ ਭੋਗ ਸੇਵਨ ਨਾ ਕਰਨਾ, ਪਰਿਗ੍ਰਹਾਂ ਤੋਂ ਰਹਿਤ ਮਨ ਭਾਉਂਦੇ ਤੇ ਬੁਰੇ ਵਿਸ਼ਿਆਂ ਦਾ ਤਿਆਗੀ, ਰਾਗ ਦਵੇਸ਼ ਤੋਂ ਰਹਿਤ, ਜੀਵਾਂ ਦਾ ਰਖਿਅਕ ਸਾਧੂ ਬਿਨਾ ਸ਼ੱਕ ਸ਼ਮਾਧੀ ਨੂੰ ਪ੍ਰਾਪਤ ਹੁੰਦਾ ਹੈ। (13)

ਸਾਧੂ ਸੰਜਮ ਸੰਬੰਧੀ ਅਰਤਿ (ਦੁੱਖ) ਤੇ ਅਸੰਜਮ ਸੰਬੰਧੀ ਰਤਿ (ਸੁੱਖ) ਦਾ ਤਿਆਗ

ਕਰਕੇ ਤਿਨਕਾ ਠੰਢ, ਗਰਮੀ, ਮੱਛਰਾਂ ਦਾ ਕਸ਼ਟ, ਸੁਗੰਧ ਤੇ ਦੁਰਗੰਧ ਵਿਚ ਸਮਭਾਵ ਰਖੇ । (14)

ਬਚਨ ਗੁਪਤੀ (ਵਿਚਾਰ ਪੂਰਵਕ) ਦਾ ਧਾਰਕ, ਭਾਵ ਸਮਾਧੀ ਵਾਲਾ ਅਖਵਾਉਂਦਾ ਹੈ । ਉਹ ਸ਼ੁਧ ਲੇਸ਼ਿਆ (ਮਨ ਦੇ ਸ਼ੁਭ ਭਾਵ ਨੂੰ ਧਾਰਣ ਕਰਕੇ ਸੰਜਮ ਵਿਚ ਲਗੇ । ਸਾਧੂ ਆਪਣੇ ਲਈ ਘਰ ਨਾ ਬਨਾਵੇ, ਨਾ ਹੀ ਕਿਸੇ ਤੋਂ ਬਨਵਾਵੇ । ਘਰ ਸੰਬੰਧੀ ਕੋਈ ਕੰਮ ਨਾ ਕਰੇ ।) ਇਸਤਰੀਆਂ ਨਾਲ ਸੰਪਰਕ ਨਾ ਰਖੇ । (15)

ਅਕ੍ਰਿਆ ਵਾਦੀ ਆਖਦੇ ਹਨ "ਆਤਮਾ ਕ੍ਰਿਆ ਰਹਿਤ ਹੈ ।" ਕ੍ਰਿਆ ਦਾ ਕੋਈ ਕਰਤਾ ਨਹੀਂ । ਕੁਦਰਤ ਹੀ ਸਭ ਕ੍ਰਿਆਵਾਂ ਕਰਦੀ ਹੈ । (ਜਦ ਦੂਸਰੇ ਉਨ੍ਹਾਂ ਤੋਂ ਪੁਛਦੇ ਹਨ) ਤਾਂ ਓਹ ਲੋਕ ਮੋਕਸ਼ ਦਾ ਉਪਦੇਸ਼ ਵੀ ਦਿੰਦੇ ਹਨ ਉਹ ਆਖਦੇ ਹਨ "ਸਾਡੇ ਦਰਸ਼ਨ ਨਾਲ ਹੀ ਮੋਕਸ਼ ਹੁੰਦਾ ਹੈ" ਅਜੇਹੇ ਖਾਣ ਪੀਣ ਵਾਲੇ ਅਤੇ ਵਿਕਾਰਾਂ ਵਿੱਚ ਫਸੇ ਜੀਵ ਮੋਕਸ਼ ਦਾ ਕਾਰਣ ਤੇ ਧਰਮ ਦਾ ਸਵਰੂਪ ਨਹੀਂ ਜਾਨਦੇ । (16)

ਸੰਸਾਰ ਵਿੱਚ ਭਿੰਨ-ਭਿੰਨ ਵਿਚਾਰਾਂ ਵਾਲੇ ਜੀਵ ਹਨ ਕੋਈ ਕ੍ਰਿਆਵਾਦੀ ਹੈ ਕੋਈ ਅਕ੍ਰਿਆਵਾਦੀ ਹੈ (ਭਾਵ ਕ੍ਰਿਆਵਾਦੀ ਆਖਦੇ ਹਨ ਕਿ ਕ੍ਰਿਆ ਹੀ ਫਲ ਦਿੰਦੀ ਹੈ ਗਿਆਨ ਫਾਲਤੂ ਹੈ । ਅਕ੍ਰਿਆਵਾਦੀ ਆਖਦੇ ਹਨ ਕ੍ਰਿਆ ਕੁਝ ਨਹੀਂ, ਗਿਆਨ ਹੀ ਫਲ ਦਿੰਦਾ ਹੈ । ਕੋਈ ਅਗਿਆਨੀ ਨਵੇਂ ਪੈਦਾ ਹੋਏ ਬੱਚੇ ਦੇ ਸ਼ਰੀਰ ਦੇ ਟੁਕੜੇ ਕਰਕੇ ਖਾਂਦੇ ਹਨ । ਇਸ ਪ੍ਰਕਾਰ ਇਹ ਅਸੰਜਮੀ ਵੈਰ ਵਧਾਉਂਦੇ ਹਨ । (17)

ਪਾਪ ਤੋਂ ਨਾ ਡਰਨ ਵਾਲਾ ਅਗਿਆਨੀ ਜੀਵ ਆਪਣੀ ਉਮਰ ਦਾ ਅੰਤ ਨਹੀਂ ਜਾਣਦਾ । ਉਹ ਸਾਂਸਾਰਿਕ ਪਦਾਰਥਾਂ ਵਿਚ ਮਮਤਾ ਰਖਦਾ ਹੈ । ਦਿਨ ਰਾਤ ਫਿਕਰ ਵਿੱਚ ਡੁਬਿਆ ਰਹਿੰਦਾ ਹੈ । ਆਪਣੇ ਆਪਨੂੰ ਅਜਰ ਅਮਰ ਮਨਦਾ ਹੋਇਆ ਧਨ ਕਮਾਉਣ ਵਿੱਚ ਲਗਾ ਰਹਿੰਦਾ ਹੈ । (18)

"ਹੇ ਗਿਆਨੀ ਤੂੰ ਧਨ ਤੇ ਪਸ਼ੂ ਸਭ ਪਦਾਰਥਾਂ ਦਾ ਤਿਆਗ ਕਰ । ਭਾਈ ਭੈਣ. ਮਾਂ, ਪਿਉ ਤੇ ਦੋਸਤ ਤੇਰਾ ਕੋਈ ਉਪਕਾਰ ਨਹੀਂ ਕਰ ਸਕਦੇ । ਪਤਾ ਨਹੀਂ, ਕਿਉਂ ਮਨੁੱਖ ਇਨ੍ਹਾਂ ਲਈ ਰੋਂਦਾ ਹੈ ਅਤੇ ਮੋਹ ਨੂੰ ਪ੍ਰਾਪਤ ਕਰਦਾ ਹੈ । ਜਦ ਇਹ ਮੂਰਖ ਮਰ ਜਾਂਦਾ ਹੈ ਤਾਂ ਇਹੋ ਰਿਸ਼ਤੇਦਾਰ ਉਸਦੇ ਕਮਾਏ ਧਨ ਨੂੰ ਹੜੱਪ ਕਰ ਜਾਂਦੇ ਹਨ । (19)

ਜਿਵੇਂ ਜੰਗਲ ਵਿੱਚ ਕਮਜੋਰ ਮਿਰਗ ਮੌਤ ਤੋਂ ਡਰਦਾ ਹੋਇਆ ਸ਼ੇਰ ਤੋਂ ਦੂਰ ਰਹਿੰਦਾ ਹੈ । ਉਸ਼ੇ ਪ੍ਰਕਾਰ ਵਿਦਵਾਨ ਗਿਆਨੀ, ਧਰਮ ਦੀ ਰਖਿਆ ਕਰੇ । ਪਾਪ ਨੂੰ ਤਿਆਗ ਦੇਵੇ । (20)

ਧਰਮ ਦਾ ਸਵਰੂਪ ਨੂੰ ਜਾਨਣ ਵਾਲਾ ਪੁਰਸ਼ ਆਪਣੀ ਆਤਮਾ ਨੂੰ ਪਾਪ ਕਰਮਾਂ ਤੋਂ


ਛੁੱਟਕਾਰਾ ਦਿਲਾਵੇ । ਹਿੰਸਾ ਤੋਂ ਉਤਪੰਨ ਹੋਣ ਵਾਲੇ ਕਰਮ ਦੁਖਦਾਇਕ ਹਨ, ਇਹ ਵੈਰ ਪ੍ਰੰਪਰਾ ਉਤਪਨ ਕਰਨ ਵਾਲੇ ਹਨ ਬਹੁਤ ਹੀ ਮਹਾ ਭੈਕਾਰੀ ਹਨ" ਅਜੇਹਾ ਸਮਝ ਕੇ ਹਿੰਸਾ ਤਿਆਗ ਦੇਵੇ । (21)

ਮੁਕਤੀ ਦੇ ਰਾਹ ਤੇ ਚਲਨ ਵਾਲਾ ਮੁਨੀ ਝੂਠ ਨਾ ਬੋਲੇ । ਝੂਠ ਦਾ ਤਿਆਗ ਹੀ ਮੋਕਸ਼ ਸਵਰੂਪ ਨੂੰ ਸੰਪੂਰਨ ਸਮਾਧੀ ਕਿਹਾ ਗਿਆ ਹੈ । ਇਸ ਲਈ ਝੂਠ ਤੇ ਹੋਰ ਪਾਪਾਂ ਦਾ ਮੁਨੀ ਸੇਵਨ ਨਾ ਕਰੇ । ਦੂਸਰੇ ਤੋਂ ਨਾ ਕਰਾਵੇ ਅਤੇ ਨਾ ਕਰਨ ਵਾਲੇਨੂੰ ਚੰਗਾ ਜਾਨੇ ।(22)

ਸ਼ੁਧ ਨਿਰਦੋਸ਼ ਭੋਜਨ ਤੇ ਵੀ ਸਾਧੂ, ਭੋਜਨ ਪ੍ਰਤਿ ਰਾਗ ਦਵੇਸ਼ ਨਾ ਕਰੇ । ਇਸ ਨਾਲ ਚਾਰਿਤਰ (ਸਾਧੂ ਜੀਵਨ) ਖਰਾਬ ਹੁੰਦਾ ਹੈ । ਰਸ ਵਾਲੇ ਤੇ ਸਵਾਦੀ ਭੋਜਨ ਪ੍ਰਤਿ ਮਮਤਾ ਨਾ ਰਖੇ । ਅਜੇਹੇ ਭੋਜਨ ਦੀ ਵਾਰ-ਵਾਰ ਇੱਛਾ ਨਾ ਕਰੇ । ਸਾਧੂ ਧੀਰਜਵਾਨ, ਪਰਿ-ਗ੍ਰਹਿ ਰਹਿਤ, ਪੂਜਾ ਮਹਿਮਾ ਤੋਂ ਰਹਿਤ ਹੋ ਕੇ ਸ਼ੁਧ ਸੰਜਮ ਦਾ ਪਾਲਨ ਕਰੇ । (23)

ਸਾਧੂ ਘਰ ਛੱਡ ਕੇ ਜੀਵਨ ਤੋਂ ਨਿਰਪੱਖ ਹੋ ਜਾਵੇ । ਸ਼ਰੀਰ ਦੀ ਮਮਤਾ ਛੱਡ ਦੇਵੇ । ਨਿਦਾਨ (ਤੱਪ ਆਦਿ ਦੇ ਫਲ ਤੋਂ ਸਵਰਗ ਆਦਿ ਸੁਖ ਦੀ ਇੱਛਾ ਕਰਨਾ) ਤਿਆਗ ਦੇਵੇ । ਨਾ ਜੀਊਣ ਦੀ ਇੱਛਾ ਕਰੇ ਨਾ ਮਰਨ ਦੀ ਕਰੇ । ਸਗੋਂ ਸਮਭਾਵੀ ਹੋਕੇ ਧਰਮ ਅਰਾਧਨਾ ਕਰਦਾ ਸੰਸਾਰ ਤੋਂ ਮੁਕਤ ਹੋਵੇ । ਅਜੇਹਾ ਮੈਂ ਆਖਦਾ ਹਾਂ । (24)





# ਮਾਰਗ ਨਾਮਕ ਗਿਆਰਵਾਂ ਅਧਿਐਨ

ਇਸ ਅਧਿਐਨ ਵਿਚ ਭਾਵ ਮਾਰਗ ਦਾ ਵਰਨਣ ਹੈ। ਭਾਵ ਮਾਰਗ ਹੀ ਆਤਮਾ ਨੂੰ ਸਮਾਧੀ (ਸੱਚਾ) ਸੁੱਖ ਪ੍ਰਦਾਨ ਕਰਦਾ ਹੈ। ਇਹ ਭਾਵ ਮਾਰਗ ਹੈ। (1) ਗਿਆਨ ਮਾਰਗ, (2) ਦਰਸ਼ਨ ਮਾਰਗ, (3) ਚਾਰਿਤਰ ਮਾਰਗ ਜਾਂ ਤਪ ਮਾਰਗ। ਇਸ ਨੂੰ ਸੰਖੇਪ ਵਿਚ ਸੰਜਮ ਮਾਰਗ, ਮੋਕਸ਼ ਮਾਰਗ ਜਾਂ ਸਦਾਚਾਰ ਮਾਰਗ ਵੀ ਆਖ ਸਕਦੇ ਹਾਂ। ਇਸ ਪੂਰੇ ਅਧਿਐਨ ਵਿਚ ਭੋਜਨ ਸ਼ੁਧੀ, ਸਦਾਚਾਰ, ਸੰਜਮ, ਅਹਿੰਸਾ ਆਦਿ ਤੇ ਪ੍ਰਕਾਸ਼ ਪਾਇਆ ਗਿਆ ਹੈ ਸੰਜਮ ਦਾ ਮਾਰਗ ਆਖਰੀ ਘੜੀ ਤੱਕ ਨਿਵਾਉਣਾ ਚਾਹੀਦਾ ਹੈ। ਕੁਝ ਬੁਰਾਈਆਂ ਤੋਂ ਸਾਧੂ ਨੂੰ ਪਰੇ ਰਹਿਣ ਦਾ ਉਪਦੇਸ਼ ਹੈ।

ਨਿਰੁਕਤੀਕਾਰ ਭਦਰਵਾਹੂ ਸਵਾਮੀ ਨੇ ਨਾਮ, ਸਥਾਪਨਾ, ਦਰਵ, ਖੇਤਰ ਕਾਲ ਤੇ ਭਾਵ ਆਦਿ 6 ਨਿਕਸ਼ੇਪ ਆਖੇ ਹਨ। ਨਾਮ ਤੇ ਸਥਾਪਨਾ ਸਰਲ ਹਨ।

### ਦਰਵ ਮਾਰਗ—

(1) ਤਖਤ ਵਿਚਕਾਰ ਬਣਾਇਆ ਮਾਰਗ (2) ਬੈਲਾਂ ਨੂੰ ਪਕੜ ਕੇ ਪਾਰ ਕੀਤਾ ਜਾਣ ਵਾਲਾ ਮਾਰਗ, (3) ਝੂਲੇ ਵਿਚ ਬੈਠ ਕੇ ਪਾਰ ਕੀਤਾ ਜਾਣ ਵਾਲਾ ਮਾਰਗ, (4) ਬੈਂਤ ਦੀ ਬੇਲ ਨੂੰ ਪਕੜਕੇ ਪਾਰ ਕੀਤਾ ਜਾਣ ਵਾਲਾ ਮਾਰਗ, (5) ਰੱਸੇ ਦੇ ਸਹਾਰੇ ਚੜਨ ਵਾਲਾ ਮਾਰਗ, (6) ਕਿਸੇ ਸਵਾਰੀ ਰਾਹੀਂ ਪਾਰ ਕੀਤਾ ਮਾਰਗ, (7) ਠੁਕੀ ਕਿਲ ਦੇ ਇਸ਼ਾਰੇ ਨਾਲ ਪਾਰ ਕੀਤਾ ਮਾਰਗ, (8) ਗੁਫਾ ਮਾਰਗ, (9) ਬਕਰੇ, ਉਠ ਨਾਲ ਪਾਰ ਕੀਤਾ ਮਾਰਗ, (10) ਪੰਛੀ ਤੇ ਬੈਠ ਕੇ ਪਾਰ ਕੀਤਾ ਮਾਰਗ, (11) ਛਤਰੀ ਰਾਹੀਂ ਪਾਰ ਕੀਤਾ ਮਾਰਗ, (12) ਜਲ ਮਾਰਗ, (13) ਅਕਾਸ਼ ਮਾਰਗ ਆਦਿ ਦਰਵ ਮਾਰਗ ਹਨ।

### ਖੇਤਰ ਮਾਰਗ—

ਜੋ ਮਾਰਗ ਪਿੰਡ, ਸ਼ਹਿਰ ਜਾਂ ਖੇਤ ਨੂੰ ਜਾਂਦਾ ਹੋਵੇ ਉਹ ਖੇਤਰ ਮਾਰਗ ਹੈ। ਇਸੇ ਤਰ੍ਹਾਂ ਕਾਲ ਮਾਰਗ ਦੇ ਵਾਰੇ ਜਾਣ ਲੈਣਾ ਚਾਹੀਦਾ ਹੈ।

## ਭਾਵ ਮਾਰਗ—

ਇਹ ਮਾਰਗ ਦੋ ਪ੍ਰਕਾਰ ਦਾ ਹੈ ਪ੍ਰਸ਼ਸ਼ਤ ਤੇ ਅਪ੍ਰਸ਼ਸ਼ਤ। ਦੋਹਾਂ ਦੇ ਤਿੰਨ ਭੇਦ ਹਨ ਮਿਥਿਆਤਵ, ਅਵਿਰੱਤ ਤੇ ਅਗਿਆਨ ਅਪ੍ਰਸ਼ਸ਼ਤ ਭਾਵ ਮਾਰਗ ਹੈ। ਸਮਿਅਕ ਗਿਆਨ, ਸਮਿਅਕ ਦਰਸ਼ਨ, ਸਮਿਅਕ ਚਾਰਿਤਰ ਪ੍ਰਸ਼ਸ਼ਤ ਭਾਵ ਮਾਰਗ ਹੈਂ।

## ਭਾਵ ਮਾਰਗ ਦੇ 4 ਹੋਰ ਭੇਦ—

(1) ਖੇਮ, (2) ਅਖੇਮ, (3) ਖੇਮ ਰੂਪ, (4) ਅਖੇਮ ਰੂਪ

1. ਜੋ ਜਾਨਵਰਾਂ ਤੇ ਮਨੁੱਖਾਂ ਦੇ ਭੈ ਰਹਿਤ ਹੈ ਛਾਂ ਵਾਲਾ ਤੇ ਪਧਰਾ ਹੈ। ਉਹ ਖੇਮ ਮਾਰਗ ਹੈ।

2. ਦੂਸਰਾ ਮਾਰਗ ਖੇਮ ਤੇ ਹੈ ਪਰ ਉਸ ਤੇ ਉਪਰਲੇ ਸੁਖ ਨਹੀਂ। ਸਗੋਂ ਰਸਤੇ ਵਿੰਗੇ, ਟੇਡੇ, ਕੰਡਿਆਲੇ ਹਨ।

3. ਤੀਸਰਾ ਮਾਰਗ ਚੋਰਾਂ ਆਦਿ ਦੇ ਉਪਦਰਵਾਂ ਕਾਰਣ ਖੇਮਤਾ ਨਹੀਂ ਪਰ ਖੇਮ ਰੂਪ ਹੈ ਕਿਉਂਕਿ ਉਹ ਹਰ ਰਸਤੇ ਪਖੋਂ ਠੀਕ ਹੈ।

4. ਚੌਥਾ ਰਾਹ ਕਿਸੇ ਵੀ ਪਖੋਂ ਠੀਕ ਨਹੀਂ।

ਇਸ ਤਰ੍ਹਾਂ 4 ਪ੍ਰਕਾਰ ਦੇ ਸਾਧੂ ਹੁੰਦੇ ਹਨ।

1. ਪਹਿਲੇ ਸੰਜਮੀ ਹੁੰਦੇ ਹੋਏ ਵੀ ਦਰਵ ਲਿੰਗ (ਬਾਹਰਲੇ) ਭੇਖ ਵਾਲੇ ਹੁੰਦੇ ਹਨ
2. ਸੰਜਮੀ ਗਿਆਨੀ ਹੁੰਦੇ ਹੋਏ ਵੀ ਕਿਸੇ ਕਾਰਣ ਵਜੋਂ ਦਰਵ ਲਿੰਗ ਨੂੰ ਤਿਆਗ ਦਿੰਦੇ ਹਨ।
3. ਤੀਸਰੇ ਸਿਧਾਂਤਾਂ ਨੂੰ ਖਰਾਬ ਕਰਨ ਵਾਲੇ ਹੁੰਦੇ ਹਨ।
4. ਚੌਥੇ ਗ੍ਰਹਿਸਥ ਤੇ ਹੋਰ ਮਤਾਂ ਦੇ ਲੋਕ ਹਨ।

ਹਰ ਮਨੁੱਖ ਨੂੰ ਸਮਿਅਕ ਗਿਆਨ, ਦਰਸ਼ਨ, ਚਾਰਿਤਰ ਦਾ ਮਾਰਗ ਗ੍ਰਹਿਣ ਕਰਕੇ ਮਿਥਿਆਤਵ ਛੱਡਨਾ ਚਾਹੀਦਾ ਹੈ।

ਨਿਉਕਤੀਕਾਰ ਨੇ ਸੱਚੇ ਮਾਰਗ ਲਈ 13 ਸ਼ਬਦਾਂ ਦਾ ਪ੍ਰਯੋਗ ਕੀਤ ਹੈ। 1. ਪੰਥ, 2. ਮਾਰਗ, (3) ਨਿਆਏ, (4) ਵਿਧੀ (ਸਮਿਅਕ ਗਿਆਨ ਤੇ ਦਰਸ਼ਨ ਦੀ ਪ੍ਰਾਪਤੀ, (5) ਧਰਿਤੀ (ਸਮਿਅਕ ਦਰਸ਼ਨ ਹੋਣ ਤੇ ਚਾਰਿਤਰ ਨੂੰ ਸ਼ਥਿਰ ਰਖਨ ਦਾ ਭਾਗ), (6) ਸੁਗਤਿ, (7) ਹਿਤ, (8) ਸੁੱਖ, (9) ਪਥਯ (ਮੋਕਸ਼ ਲਈ ਅਨੁਕੂਲ), (10) ਸ਼ਰੇ (ਮੋਹ ਆਦਿ 11ਰਵੇਂ ਗੁਣ ਸਥਾਨ ਨੂੰ ਸ਼ਾਂਤ ਕਰਨ ਵਾਲਾ), (11) ਨਿਵ੍ਰਤੀ, (12) ਨਿਰਵਾਨ, (13) ਸ਼ਿਵ (ਮੋਕਸ ਪਦ ਪ੍ਰਾਪਤ ਦਾ ਰਾਹ। ਇਹ ਸਭ ਭਾਵ ਮਾਰਗ ਦੇ ਪਰਿਆਏਵਾਚੀ ਸ਼ਰਦ ਹਨ।

# ਮਾਰਗ ਨਾਂ ਦਾ ਗਿਆਰਵਾਂ ਅਧਿਐਨ

(ਸ੍ਰੀ ਜੰਬੂ ਸਵਾਮੀ ਆਪਣੇ ਗੁਰੂ ਸੁਧਰਮਾ ਸਵਾਮੀ ਨੂੰ ਆਖਦੇ ਹਨ) ਮਹਾਨ ਬੁਧੀਮਾਨ ਬ੍ਰਾਹਮਣ, ਭਗਵਾਨ ਮਹਾਵੀਰ ਨੇ ਮੁਕਤੀ ਦਾ ਕੇਹੜਾ ਰਾਹ ਦੱਸਿਆ ਹੈ ? ਜਿਸ ਸਰਲ ਰਾਹ ਨਾਲ ਜੀਵ ਔਕੜਾਂ ਭਰੇ ਸੰਸਾਰ ਸਮੁੰਦਰ ਨੂੰ ਪਾਰ ਹੋ ਜਾਂਦਾ ਹੈ । (1)

"ਹੇ ਮਹਾਮੁਨੀ ! ਆਪ ਉਸ ਸਰਵ ਉਤਕ੍ਰਿਸ਼ਟ,ਸ਼ੁਧ ਤੇ ਸਾਰੇ ਦੁੱਖਾਂ ਤੋਂ ਮੁਕਤ ਕਰਨ ਵਾਲੇ, ਮੋਕਸ਼ ਮਾਰਗ ਨੂੰ ਕਿਸ ਪ੍ਰਕਾਰ ਜਾਨਦੇ ਹੋ ? ਹੇ ਭਿਖਸ਼ੂ ! ਮੈਨੂੰ ਉਹ ਰਾਹ ਦਸੋ । (2)

"ਜੋ ਕੋਈ ਦੇਵਤਾ ਜਾਂ ਮਨੁੱਖ ਸਾਨੂੰ ਮੁਕਤੀ ਦਾ ਰਾਹ ਪੁਛੇ ਤਾਂ ਉਨਾਂ ਨੂੰ ਮੈਂ ਕੇਹੜਾ ਰਾਹ ਦਸਾਂ ? ਸਾਨੂੰ ਦਸੋ ।" (3)

(ਸ੍ਰੀ ਸੁਧਰਮਾ ਸਵਾਮੀ ਆਖਦੇ ਹਨ) "ਜੇ ਕੋਈ ਦੇਵਤਾ ਜਾਂ ਮਨੁੱਖ ਤੁਹਾਨੂੰ ਇਹ ਰਾਹ ਪੁਛੇ ਤਾਂ ਮੇਰੇ ਰਾਹੀਂ ਸੁਣਿਆਂ ਰਾਹ ਦਸ ਦੇਣਾ । ਮੈਂ ਉਸ ਰਾਹ ਦਾ ਸਾਰ ਤੱਤ ਸਮਝਾਉਂਦਾ ਹਾਂ, ਧਿਆਨ ਨਾਲ ਸੁਣੋ ।" (4)

"ਉਸ ਕਸ਼ਯਪ ਗੋਤਰੀ ਭਗਵਾਨ ਮਹਾਵੀਰ ਰਾਹੀਂ ਦਸੇ ਰਾਹ ਨੂੰ ਸਿਲਸਿਲੇਵਾਰ ਸਮਝੋ । ਜਿਵੇਂ ਵਪਾਰ ਕਰਨ ਵਾਲਾ ਵਪਾਰੀ ਸਮੁੰਦਰ ਨੂੰ ਪਾਰ ਕਰਦਾ ਹੈ । ਉਸੇ ਪ੍ਰਕਾਰ ਇਸ ਰਾਹ ਦੇ ਸਹਾਰੇ ਸਾਧਕ, ਸੰਸਾਰ ਸਮੁੰਦਰ ਨੂੰ ਪਾਰ ਕਰ ਜਾਂਦਾ ਹੈ । (5)

"ਇਸ ਮੋਕਸ਼ ਮਾਰਗ ਨੂੰ ਗ੍ਰਹਿਣ ਕਰਕੇ ਭੂਤ ਵਿਚ ਅਨੰਤ ਜੀਵ ਸੰਸਾਰ ਸਮੁਦਰ ਨੂੰ ਪਾਰ ਕਰ ਗਏ ਹਨ ਵਰਤਮਾਨ ਵਿੱਚ ਕਰ ਰਹੇ ਹਨ, ਅਗੇ ਨੂੰ ਕਰਨਗੇ । ਉਸ ਮੋਕਸ਼ ਮਾਰਗ ਨੂੰ ਜਿਸ ਪ੍ਰਕਾਰ ਮੈਂ ਭਗਵਾਨ ਮਹਾਵੀਰ ਰਾਹੀਂ ਸੁਣਿਆ ਹੈ ਮੈਂ ਉਸੇ ਪ੍ਰਕਾਰ ਤੁਹਾਨੂੰ ਦਸਦਾ ਹਾਂ ।" ਹੇ ਜੀਵ ਮੇਰੇ ਪਾਸੋਂ ਸੁਣੋ । (6)

ਪ੍ਰਿਥਵੀ ਜੀਵ ਹੈ ਅਤੇ ਪ੍ਰਿਥਵੀ ਦੇ ਸਹਾਰੇ ਰਹਿਣ ਵਾਲੇ ਜੀਵ ਹਨ । ਉਨਾਂ ਦੀ ਅੱਡ-ਅੱਡ ਹੋਂਦ ਹੈ । ਭਾਵ ਸਾਰੀ ਜਮੀਨ ਇਕ ਜੀਵ ਨਹੀਂ, ਸਗੋਂ ਅਸੰਖਿਆਤ ਜੀਵ ਨਾਲ ਭਰੀ ਪਈ ਹੈ॥ ਇਸੇ ਤਰ੍ਹਾਂ ਪਾਣੀ ਅੱਗ, ਹਵਾ ਵਿੱਚ ਅੱਡ-ਅੱਡ ਜੀਵ ਹਨ । ਘਾਹ, ਫੂਸ ਦਰਖੱਤ, ਬੀਜ ਆਦਿ ਦੇ ਜੀਵ ਬਨਾਸਪਤੀ ਦੇ ਰੂਪ ਵਿਚ ਅਸੰਖਿਆਤ ਹਨ । (7)

ਇਸ ਤੋਂ ਛੁੱਟ ਤਰੱਸ ਕਾਇਆ ਦੇ ਜੀਵ ਹਨ । ਇਸ ਪ੍ਰਕਾਰ 6 ਤਰਾਂ ਦੇ ਜੀਵ

ਤੀਰਥੰਕਰਾਂ ਨੇ ਫਰਮਾਏ ਹਨ। ਇਸਤੋਂ ਛੁੱਟ ਹੋਰ ਜੀਵ ਦੀ ਹੋਂਦ ਨਹੀਂ। ਸਾਰੇ ਜੀਵ ਛੇ ਕਾਇਆਂ ਦੇ ਵਿਚ ਆ ਜਾਂਦੇ ਹਨ। (8)

ਬੁਧੀਮਾਨ ਪੁਰਸ਼ ਇਨ੍ਹਾਂ 6 ਕਾਇਆਂ ਚੇ ਜੀਵਾਂ ਨੂੰ ਹਰ ਢੰਗ ਨਾਲ ਸਮਝੇ। "ਸਾਰੇ ਜੀਵਾਂ ਨੂੰ ਦੁਖ ਚੰਗਾ ਨਹੀਂ ਲਗਦਾ" ਅਜੇਹਾ ਜਾਨਕੇ ਹਿੰਸਾ ਨਾ ਕਰੇ। (9)

'ਗਿਆਨੀ ਜੀਵਨ ਦਾ ਸਾਰ ਇਹੋ ਹੈ ਕਿ ਗਿਆਨੀ ਕਿਸੇ ਜੀਵ ਦੀ ਹਿੰਸਾ ਨਹੀਂ ਕਰਦਾ। ਅਹਿੰਸਾ ਸਿਧਾਂਤ ਇੰਨਾਂ ਹੀ ਸਮਝਨ ਯੋਗ ਹੈ" ਭਾਵ ਇਹੋ ਅਹਿੰਸਾ ਹੈ ਕਿ ਹਿੰਸਾ ਨਾ ਕਰੋ। (10)

ਉਪਰ, ਹੇਠ, ਤਿਰਛੀ ਦਿਸ਼ਾ ਦੇ ਜੋ ਕੋਈ ਵੀ ਤਰਸ ਤੇ ਸਥਾਵਰ ਜੀਵ ਹਨ ਉਨ੍ਹਾਂ ਸਭ ਦੀ ਹਿੰਸਾ ਤੋਂ ਛੁਟਕਾਰਾ ਪਾਵੇ। ਇਹੋ ਸ਼ਾਂਤੀ ਕਾਰਕ ਮੋਕਸ਼ ਦਾ ਕਾਰਣ ਹੈ। (11)

ਇੰਦਰੀਆਂ ਨੂੰ ਜਿਤਨ ਵਿੱਚ ਸਮਰਥ ਸਾਧੂ ਮਿਥਿਆਤਵ ਦੇ ਦੋਸ਼ਾਂ ਨੂੰ ਦੂਰ ਕਰਦੇ ਹਨ। ਮਨ, ਬਚਨ ਤੇ ਕਾਇਆ ਰਾਹੀਂ ਜਿੰਦਗੀ ਭਰ ਕਿਸੇ ਜੀਵ ਨਾਲ ਵੈਰ ਵਿਰੋਧ ਨਾ ਕਰੋ। (12)

ਉਹ ਸਾਧੂ ਹੀ ਮਹਾਬੁਧੀਮਾਨ ਅਤੇ ਜੇਤੂ ਹੈ ਜੋ ਵੇਖ ਭਾਲ ਕੇ ਭੋਜਨ ਨੂੰ ਗ੍ਰਹਿਣ ਕਰਦਾ ਹੈ। ਹਮੇਸ਼ਾ ਏਸ਼ਨਾ ਸਮਿਤਿ ਦਾ ਪਾਲਨ ਕਰੇ। (13)

ਜੋ ਅੰਨ—ਪ੍ਰਾਣੀ ਜੀਵਾਂ ਨੂੰ ਕਸ਼ਟ ਦੇ ਕੇ, ਸਾਧੂ ਲਈ ਬਨਾਇਆ ਗਿਆ ਹੋਵੇ ਉਸ ਨੂੰ ਚੰਗਾ ਸ੍ਰਮਣ (ਮੁਨੀ) ਗ੍ਰਹਿਣ ਨਾ ਕਰੇ। (14)

ਪ੍ਰਤੀ ਕ੍ਰਮ ਸ਼ੁਧ ਭੋਜਨ ਵਿੱਚ ਨਾ ਵਰਤੋਂ ਯੋਗ ਆਧਾ ਕਰਮੀ ਭੋਜਨ ਦਾ ਇਕ ਕਣ ਮਿਸ਼ਰਨ) ਦੋਸ਼ ਵਾਲਾ ਭੋਜਨ ਸੇਵਨ ਨਾ ਕਰੇ ਇਸ ਨੂੰ ਸੰਜਮੀ ਪੁਰਸ਼ਾਂ ਨੇ ਧਰਮ ਕਿਹਾ ਹੈ। ਇਸਤੋਂ ਛੁੱਟ ਅਹਾਰ ਦੇ ਅਸ਼ੁਧ ਹੋਣ ਦਾ ਡਰ ਹੋਵੇ, ਤਾਂ ਸਾਧੂ ਅਜੇਹਾ ਭੋਜਨ ਤਿਆਗ ਦੇਵੇ। (15)

ਪਿੰਡਾਂ, ਸ਼ਹਿਰਾਂ ਵਿਚ ਉਪਾਸਕਾਂ (ਸ਼੍ਰਾਵਕ ਜਾਂ ਸਾਧੂ) ਦੇ ਘਰ ਹਨ। ਉਨ੍ਹਾਂ ਸਥਾਨਾਂ ਤੇ ਸਾਧੂ ਨੂੰ ਕੋਈ ਉਪਾਸਕ ਆਰੰਬ (ਹਿੰਸਕ) ਕ੍ਰਿਆ ਵਾਰੇ ਪੁੱਛੇ (ਕਿ ਇਸ ਆਰੰਬ ਹਿੰਸਾ ਵਿੱਚ ਧਰਮ ਹੈ ਜਾਂ ਅਧਰਮ) ? ਪਾਪਾਂ ਤੋਂ ਦੂਰ ਅਤੇ ਇੰਦਰੀ ਜੇਤੂ ਸਾਧੂ ਕਦੇ ਵੀ ਹਿੰਸਕ ਕੰਮਾਂ ਦੀ ਹਿਮਾਇਤ ਨਾ ਕਰੇ। (6)

ਮਕਾਨ ਦੀ ਖੁਦਾਈ ਸਮੇਂ ਜੇ ਕੋਈ ਸਾਧੂ ਨੂੰ ਪੁਛੇ ਇਹ ਕੰਮ ਪੁੰਨ ਦਾ ਕਾਰਨ ਹੈ ? ਜਾਂ ਪਾਪ ਦਾ ਸਾਧੂ ਪੁੰਨ ਜਾਂ ਪਾਪ ਕੁਝ ਵੀ ਨਾ ਆਖੇ। (17)

---

ਟਿੱਪਣੀ ਗਾਥਾ 17—ਸਾਨੂੰ ਇਸ ਗਾਥਾ ਨੂੰ ਸਮਝਣਾ ਸਾਧੂ ਤੇ ਗ੍ਰਹਿਸਥ ਧਰਮ ਵਾਰੇ ਜਾਨਣਾ ਜਰੂਰੀ ਹੈ।

ਅੰਨ ਤੇ ਪਾਣੀ ਰਾਹੀਂ ਤਰਸ ਤੇ ਸਥਾਵਰ ਜੀਵਾਂ ਦੀ ਹਿੰਸਾ ਹੁੰਦੀ ਹੈ ਉਨ੍ਹਾਂ ਦੀ ਰਖਿਆ ਲਈ ਸਾਧੂ ਇਹ ਨੂੰ ਪੁੰਨ ਨਾ ਆਖੇ। (18)

ਜੇਹੜੇ ਜੀਵਾਂ ਨੂੰ ਦਾਨ ਦੇਣ ਲਈ ਹਿੰਸਾ ਕਰਕੇ ਭੋਜਨ ਪਾਣੀ ਬਨਾਇਆ ਜਾਂਦਾ ਹੈ, ਉਨ੍ਹਾਂ ਯਾਚਕਾਂ ਨੂੰ ਅੰਤਰਾਏ (ਰੁਕਾਵਟ) ਨਾ ਹੋਵੇ ਅਜਿਹਾ ਸਮਝ ਕੇ ਪਾਪ ਵੀ ਨਾ ਆਖੇ। (19)

ਜੋ ਜੀਵ ਹਿੰਸਾ ਦਾਨ ਦੀ ਪ੍ਰਸੰਸਾ ਕਰਦਾ ਹੈ ਉਹ ਮਰਨ ਵਾਲੇ ਜੀਵਾਂ ਦੇ ਮਰਨ ਦੀ ਇੱਛਾ ਕਰਦਾ ਹੈ ਅਤੇ ਜੋ ਦਾਨ ਤੋਂ ਰੋਕਦਾ ਹੈ। ਉਹ ਉਨ੍ਹਾਂ ਜੀਵਾਂ ਦੀ ਰੋਜੀ ਰੋਟੀ ਅਤੇ ਨਾਸ਼ ਦਾ ਕਾਰਣ ਮਨਦਾ ਹੈ। (20)

---

ਜੈਨ ਧਰਮ ਦੋ ਪ੍ਰਕਾਰ ਦਾ ਹੈ। (1) ਸਾਧੂ ਦਾ ਧਰਮ, (2 ਗ੍ਰਹਿਸਥ ਦਾ ਧਰਮ। ਇਥੇ ਸਾਧੂ ਨੂੰ ਜੋ ਮਕਾਨ ਆਦਿ ਕ੍ਰਿਆਵਾਂ ਫਲ ਦਸਨ ਤੋਂ ਰੋਕਣ ਦਾ ਕਾਰਣ ਇਹ ਹੈ ਕਿ ਸਾਧੂ ਅਹਿੰਸਾ ਦਾ ਮਨ, ਬਚਨ ਤੇ ਕਾਇਆ ਰਾਹੀਂ ਸੰਪੂਰਨ ਪਾਲਨ ਕਰਦਾ ਹੈ। ਉਹ ਛੋਟੇ-ਛੋਟੇ ਜੀਵਾਂ ਦੀ ਹਿੰਸਾ ਤੋਂ ਬਚਦਾ ਹੈ। ਮਕਾਨ ਆਦਿ ਬਨਾਉਣ ਵਿਚ ਮਿੱਟੀ, ਪਾਣੀ, ਅੱਗ, ਹਵਾ ਤੇ ਬਨਾਸਪਤੀ ਕਾਇਆ ਦੇ ਸੂਖਮ ਜੀਵਾਂ ਤੋਂ ਛੁੱਟ ਤੱਰਸ (ਹਿਲਨ ਚੁਲਨ) ਵਾਲੇ ਜੀਵਾਂ ਦੀ ਹਿੰਸਾ ਸਭਾਵਿਕ ਰੂਪ ਵਿਚ ਹੁੰਦੀ ਹੈ। ਸਾਧੂ ਇਨ੍ਹਾਂ ਸੂਖਮ ਜੀਵਾਂ ਦੀ ਹਿੰਸਾ ਦਾ ਤਿਆਗੀ ਹੈ। ਸੋ ਉਹ ਘਰ ਮਕਾਨ ਆਦਿ ਬਨਾਉਣ ਵਾਰੇ ਨਾ ਤਾਂ ਪੁੰਨ ਆਖ ਸਕਦਾ ਹੈ ਕਿਉਂਕਿ ਇਹ ਹਿੰਸਾ ਹੈ,ਪਾਪ ਇਸ ਕਰਕੇ ਨਹੀਂ ਆਖਦਾ ਕਿ ਇਹ ਘਰ ਲੱਖਾਂ ਜੀਵਾਂ ਦੇ ਸਹਾਰੇ ਦਾ ਕਾਰਣ ਹਨ ਧਰਮ ਸਥਾਨ ਬਨਕੇ ਲੱਖਾਂ ਜੀਵਾਂ ਨੂੰ ਠੀਕ ਰਾਹ ਤੇ ਚਲਨ ਦਾ ਉਪਦੇਸ਼ ਇਨ੍ਹਾਂ ਮਕਾਨ ਵਿਚ ਬਨੇ ਧਰਮ ਸਥਾਨਾਂ ਤੋਂ ਮੁਨੀ ਦਿੰਦੇ ਹਨ। ਸੋ ਮੁਨੀ ਦੋਹਾਂ ਹਾਲਤਾਂ ਵਿਚ ਨਿਰਪੱਖ ਰਹੇ।

ਗ੍ਰਹਿਸਥ ਲਈ ਜੈਨ ਧਰਮ ਵਿਚ ਸਿਰਫ਼ ਸੰਕਲਪੀ ਤੇ ਬੇਕਸੂਰ ਮੋਟੇ ਜੀਵ ਦੀ ਹਿੰਸਾ ਦਾ ਤਿਆਗ ਹੈ। ਸੋ ਗ੍ਰਹਿਸਥ ਨੂੰ ਮਕਾਨ, ਖੇਤੀ ਆਦਿ ਵਿਚ ਜੋ ਹਿੰਸਾ ਕਰਨੀ ਪੈਂਦੀ ਹੈ ਉਹ ਹਿੰਸਾ ਤਾਂ ਹੈ ਪਰ ਵਿਵੇਕ ਤੇ ਸੰਜਮ ਤੇ ਚਲਦਾ ਗ੍ਰਹਿਸਥ ਵੀ ਇਸ ਹਿੰਸਾ ਨੂੰ ਵਰਤਾਂ ਰਾਹੀਂ ਘਟਾ ਸਕਦਾ ਹੈ।

ਦੂਸਰਾ ਸਾਧੂ ਘਰਬਾਰ ਵੀ ਛਡ ਚੁਕਾ ਹੈ। ਸੰਸਾਰ ਦੇ ਕਿਸੇ ਵੀ ਝੰਜਟ ਵਿਚ ਫਸਨਾ ਉਸਦੀ ਧਿਆਨ ਸਾਧਨਾ ਦੀ ਰੁਕਾਵਟ ਹੈ। ਸੋ ਸਾਧੂ ਸੰਸਾਰਿਕ ਕੰਮਾਂ ਤੋਂ ਪਰੇ ਰਹਿੰਦੇ ਹੀ ਪਰਮ ਸਾਧਨਾ ਕਰ ਸਕਦਾ ਹੈ।

ਸੰਪੂਰਨ ਰੂਪ ਵਿੱਚ ਆਰੰਭ ਦਾ ਤਿਆਗੀ ਸਾਧੂ, ਹਰ ਪ੍ਰਕਾਰ ਦੇ ਜੀਵ ਹਿੰਸਾ ਵਾਲੇ ਦਾਨ ਵਾਰੇ, ਪੁੰਨ ਜਾਂ ਪਾਪ ਕੁਝ ਨਹੀਂ ਆਖਦਾ। ਇਸ ਪ੍ਰਕਾਰ ਕਰਨ ਵਾਲਾ ਆਸ਼ਰਵ ਦਾ ਤਿਆਗ ਕਰਕੇ ਨਿਰਵਾਨ ਹਾਸਲ ਕਰਦਾ ਹੈ। (21)

ਜਿਵੇਂ ਨਛੱਤਰਾਂ ਵਿਚੋਂ ਚੰਦਰਮਾ ਪ੍ਰਮੁੱਖ ਹੈ, ਉਸੇ ਪ੍ਰਕਾਰ ਨਿਰਵਾਨ ਨੂੰ ਉੱਤਮ ਮਨਣ ਵਾਲੇ, ਪ੍ਰਮੁੱਖ ਮਨੁੱਖ ਹਮੇਸ਼ਾ ਸਾਵਧਾਨੀ ਪੂਰਵਕ ਜਿਉਣ ਵਾਲਾ, ਇੰਦਰੀਆਂ ਦਾ ਜੇਤੂ ਮੁਨੀ, ਨਿਰਵਾਨ ਦੀ ਸਾਧਨਾ ਕਰੇ। (22)

ਮਿਥਿਆਤਵੀ, ਕਸ਼ਾਏ ਤੋਂ ਕਰਮਾਂ ਦੇ ਕਸ਼ਟਾਂ ਤੋਂ ਦੁੱਖ ਪਾਉਣ ਵਾਲੇ, ਜੀਵਾਂ ਲਈ ਇਹ ਮੋਕਸ਼ ਦਾ ਰਾਹ ਤੀਰਥੰਕਰਾਂ ਨੇ ਕਿਹਾ ਹੈ। ਗਿਆਨੀ ਇਸੇ ਰਾਹ ਨਾਲ ਮੋਕਸ਼ ਨੂੰ ਜਾਂਦੇ ਹਨ ਜਿਵੇਂ ਸ਼ਮੁੰਦਰ ਵਿੱਚ ਡੁਬੇ ਮਨੁੱਖ ਲਈ ਦੀਪ ਸਹਾਇਕ ਹੈ ਉਸੇ ਪ੍ਰਕਾਰ ਸੰਸਾਰ ਤੋਂ ਦੁੱਖੀ ਜੀਵਾਂ ਲਈ ਸਮਿਅਕ ਦਰਸ਼ਨ ਆਦਿ ਮੋਕਸ਼, ਮਾਰਗ ਸ਼ਰਨਦਾਤਾ ਹੈ। (ਸਮਿਅਕਤਵੀ ਨੂੰ ਮੋਕਸ਼ ਦੀ ਪ੍ਰਾਪਤੀ ਹੁੰਦੀ ਹੈ। (23)

ਆਤਮ ਗੁਪਤੀ (ਪਾਪਾਂ ਤੋਂ ਆਤਮਾ ਨੂੰ ਬਚਾਉਣ ਵਾਲਾ) ਹਮੇਸ਼ਾ ਇੰਦਰੀਆਂ ਦੇ ਵਿਸੇ ਤੇ ਕਾਬੂ ਪਾਣ ਵਾਲਾ, ਸੰਸਾਰ ਦੇ ਜਨਮ ਮਰਨ ਦੇ ਚੱਕਰ ਨੂੰ ਰੋਕਨ ਦੀ ਕੋਸ਼ਿਸ਼ ਵਿੱਚ ਲਗਾ ਆਸਰਵ ਰਹਿਤ ਪੁਰਸ਼ ਹੀ ਸ਼ੁਧ ਸੰਪੂਰਨ ਤੇ ਸਰਵ ਉਤਮ ਧਰਮ ਦਾ ਉਪਦੇਸ਼ ਦੇ ਸਕਦਾ ਹੈ। (24)

---

ਗਾਥਾ ਟਿਪਣੀ 1—ਸਾਧੂ ਸੰਸਾਰਿਕ ਧਰਮ (ਪੁਨ) ਨੂੰ ਕਿਉਂ ਚੰਗਾ ਨਹੀਂ ਸਮਝਦਾ? ਇਸ ਦਾ ਕਾਰਣ ਹੈ ਕਿ ਜੀਵਨ ਦਾ ਉਦੇਸ਼ ਕਰਮ ਪ੍ਰਮਪਰਾ ਖਤਮ ਕਰਕੇ ਨਿਰਵਾਨ ਹਾਸਲ ਕਰਨਾ ਹੈ। ਪੁੰਨ ਵੀ ਕਰਮ ਹੈ ਪਾਪ ਵੀ ਕਰਮ ਹੈ। ਪੁੰਨ ਨਾਲ ਸਵਰਗ ਦਾ ਸੁਖ ਮਿਲਦਾ ਹੈ ਪਾਪ ਨਾਲ ਨਰਕਾਂ ਦੇ ਦੁਖ। ਪੁੰਨ ਸੋਨੇ ਦੀ ਬੇੜੀ ਹੈ ਪਾਪ ਲੋਹੇ ਦੀ।

ਨਿਰਵਾਨ ਮਾਰਗ ਦੇ ਸਾਧਕ ਨੂੰ ਜਨਮ ਮਰਨ ਦਾ ਕਾਰਣ ਪੁੰਨ ਪਾਪ ਦੋਵੇਂ ਰੁਕਾਵਟ ਹਨ ਪਰ ਸਮਤਾ ਨਾਲ ਆਤਮਾ ਵਿਚ ਲੀਨ ਰਹਿਕੇ, ਆਤਮਾਂ ਦਾ ਧਿਆਨ ਕਰਦੇ ਹੋਏ ਕਰਮ ਆਉਣ ਦਾ ਰਸਤਾ ਬੰਦ ਕਰਨ ਦਾ ਉਪਰਾਲਾ ਕਰਨਾ ਪੈਂਦਾ ਹੈ। ਕਰਮਾ ਦੇ ਬਹਾ ਵਿਚ ਰਾਗ ਤੇ ਦਵੇਸ਼ ਦੋ ਕਰਮ ਬੀਜ ਅਤੇ ਕਰੋਧ, ਮੋਹ, ਲੋਭ, ਹੰਕਾਰ ਚਾਰ ਕਸ਼ਾਏ ਕਰਮ ਦਾ ਕਾਰਣ ਹਨ। ਸਾਧਕ ਇਨ੍ਹਾਂ ਤੋਂ ਪਰੇ ਹਟਣ ਲਈ ਹੀ ਘਰ ਛੱਡਦਾ ਹੈ। ਸੋ ਮੋਕਸ਼ ਧਰਮ ਦਾ ਜਾਣੂ ਸਾਧਕ ਜਨਮ-ਮਰਨ ਦਾ ਕਾਰਣ ਪਾਪ ਪੁੰਨ ਦੋਵੇਂ ਹਾਲਤਾਂ ਵਿਚ ਨਿਰਪੱਖ ਰਹਿਕੇ ਆਤਮ-ਚਿੰਤਨ ਕਰਦਾ ਹੈ। ਸਮਾਧੀ ਰਾਹੀਂ ਅਪਣੇ ਮਨ ਨੂੰ ਆਤਮਾ ਵਿਚ ਸਥਿਤ ਰਖਦਾ ਹੋਇਆ— ਸਾਰੇ ਵਿਕਾਰਾਂ ਤੇ ਕਾਬੂ ਪਾ ਕੇ ਇਕ ਦਿਨ ਆਤਮਾ ਤੋਂ ਪ੍ਰਮਾਤਮਾ ਬਣ ਜਾਂਦਾ ਹੈ। ਸ਼ਰੀਰਕ ਪ੍ਰਮਾਤਮ ਅਵਸਥਾ ਨੂੰ ਜੈਨ ਧਰਮ ਵਿਚ ਅਰਿਹੰਤ ਤੇ ਜਨਮ ਮਰਨ ਤੋਂ ਰਹਿਤ ਅਵਸਥਾ ਨੂੰ ਸਿੱਧ ਆਖਦੇ ਹਨ।

ਧਰਮ ਤੱਤ ਨੂੰ ਨਾ ਜਾਨਣ ਵਾਲਾ, ਅਗਿਆਨੀ ਹੋਣ ਤੇ ਵੀ ਖੁਦ ਨੂੰ ਗਿਆਨੀ ਮਨਣ ਵਾਲਾ, ਜੀਵ ਭਾਵ ਅਦੰਰਲੀ। ਸਮਾਧੀ ਤੋਂ ਦੂਰ ਹੈ। (25)

ਆਪਣੇ ਆਪ ਨੂੰ ਹੀ ਗਿਆਨੀ ਮਨਣ ਵਾਲਾ ਅਗਿਆਨੀ, ਬੀਜ, ਕੱਚੇ ਪਾਣੀ ਅਤੇ ਆਪਣੇ ਲਈ ਬਨਾਏ ਭੋਜਨ ਨੂੰ ਪ੍ਰਾਪਤ ਕਰਕੇ, ਆਰਤ ਧਿਆਨ (ਦੁਖ ਦਾ ਕਾਰਣ) ਕਰਦਾ ਹੈ ਉਹ ਭਾਵ ਸਮਾਧੀ ਤੋਂ ਦੂਰ ਹੈ। (26)

ਜਿਵੇਂ ਢੱਕ, ਕਕ, ਕੁਰਰ, ਜਲ ਮੁਰਗਾ ਤੇ ਸਿਪੀ ਪਾਣੀ ਦੇ ਜੀਵ ਮਛੀ ਫੜਨ ਦੇ ਧਿਆਨ ਵਿੱਚ ਰਹਿੰਦੇ ਹਨ। ਇਹ ਧਿਆਨ ਕਾਲਾ ਤੇ ਪਾਪ ਕਾਰੀ ਹੈ। ਇਸੇ ਪ੍ਰਕਾਰ ਮਿਥਿਆ ਦਰਿਸ਼ਟੀ ਤੇ ਅਨਾਰਿਆ (ਪਾਪੀ) ਸ਼੍ਰਮਣ ਵੀ ਵਿਸ਼ੇ ਵਿਕਾਰਾਂ ਦਾ ਗਿਆਨ ਹੀ ਕਰਦੇ ਹਨ। ਇਹ ਸਾਰੇ ਪਾਪੀ ਸ਼੍ਰਮਣ ਢੱਕ ਆਦਿ ਜੀਵਾਂ ਦੀ ਤਰ੍ਹਾਂ ਪਾਪੀ ਤੇ ਧਰਮ ਤੋਂ ਦੂਰ ਹਨ। (27-28)

ਇਸ ਪ੍ਰਕਾਰ ਕਿਨੇ ਹੀ ਦੁਰਬੁਧੀ ਵਾਲੇ ਲੋਕ ਆਪਣੇ-ਆਪਣੇ ਦਰਸ਼ਨ (ਵਿਚਾਰ ਧਾਰਾ) ਨੂੰ ਸ਼ੁਧ ਮਨਦੇ ਹੋਏ, ਸ਼ੁਧ ਰਾਹ ਦਾ ਤਿਆਗ ਕਰਕੇ ਤੇ ਜੈਨ ਮੱਤ ਦੇ ਉਲਟ ਚਲਦੇ ਦੁੱਖ ਤੇ ਜਨਮ ਮਰਨ ਪ੍ਰਾਪਤ ਕਰਦੇ ਹਨ। (29)

ਜਿਵੇਂ ਜਨਮ ਤੋਂ ਅੰਨਾ ਪੁਰਸ਼ ਛੇਕ ਵਾਲੀ ਕਿਸ਼ਤੀ ਤੇ ਹੀ ਸਮੁੰਦਰ ਪਾਰ ਕਰਨ ਦੀ ਇੱਛਾ ਕਰਦਾ ਹੋਇਆ ਵਿਚਕਾਰ ਹੀ ਡੁਬ ਜਾਂਦਾ ਹੈ ਉਸੇ ਪ੍ਰਕਾਰ ਕਿੰਨੇ ਹੀ ਮਿਥਿਆ ਦਰਿਸ਼ਟੀ ਤੇ ਪਾਪੀ ਸਾਧੂ ਪੂਰਨ ਰੂਪ ਨਾਲ ਆਸ਼ਰਵ (ਪਾਪਾਂ) ਦਾ ਸੇਵਨ ਕਰਦੇ ਹਨ। ਉਹ ਭਵਿਖ ਲਈ ਨਰਕ ਪ੍ਰਾਪਤ ਕਰਨਗੇ। (30-31)

ਕਾਸ਼ਯਪ ਭਗਵਾਨ ਮਹਾਵੀਰ ਰਾਹੀਂ ਦਸੇ, ਇਸੇ ਧਰਮ ਨੂੰ ਗ੍ਰਹਿਣ ਕਰਕੇ ਵਹਿੰਦੇ ਡੂੰਘੇ ਸੰਸਾਰ ਸਮੁੰਦਰ ਨੂੰ ਪਾਰ ਕਰਨਾ ਚਾਹੀਦਾ ਹੈ। ਆਤਮ ਕਲਿਆਨ ਲਈ ਸੰਜਮ ਦੀ ਸਾਧਨਾ ਕਰਨੀ ਚਾਹੀਦੀ ਹੈ। (32)

ਇੰਦਰੀਆਂ ਜਾ ਜੇਤੂ ਜੋ ਵੀ ਸਾਧੂ ਹੈ ਉਹ ਸਾਰੀਆਂ ਆਤਮਾਵਾਂ ਨੂੰ ਆਪਣੀ ਆਤਮਾ ਸਮਾਨ ਸਮਝਦਾ ਹੋਇਆ, ਸ਼ਕਤੀ ਅਨੁਸਾਰ ਸੰਜਮ ਦਾ ਪਾਲਨ ਕਰੇ। (33)

ਵਿਵੇਕਵਾਨ ਮੁਨੀ ਜਿਆਦਾ ਮਾਨ ਤੇ ਮਾਇਆ (ਕਪਟ) ਨੂੰ ਸ਼ੁਧ ਗਿਆਨ ਰਾਹੀਂ ਜਾਨ ਕੇ ਪਛਖਾਨ (ਤਿਆਗ) ਕਰੇ। (34)

ਮੁਨੀ ਖਿਮਾ ਆਦਿ ਦਸ ਪ੍ਰਕਾਰ ਦੇ ਯਤੀ ਧਰਮ ਦਾ ਪਾਲਨ ਕਰੇ। ਪਾਪ ਧਰਮ (ਹਿੰਸਾ) ਨੂੰ ਛੱਡੇ। ਤਪਸਿਆ ਲਈ ਸ਼ਕਤੀ ਲਗਾਵੇ। ਕਰੋਧ ਤੇ ਮਾਨ ਵਿੱਚ ਵਾਧਾ ਨਾ ਕਰੇ। (35)

ਜਿਵੇਂ ਸੁਮੇਰੂ ਪਰਵਤ ਘੋਰ ਤੂਫਾਨ ਵਿਚ ਨਹੀਂ ਕੰਬਦਾ, ਉਸੇ ਪ੍ਰਕਾਰ ਵਰਤਾਂ ਦਾ ਧਾਰਕ ਸਾਧੂ ਵੀ, ਭਿੰਨ ਭਿੰਨ ਪ੍ਰਕਾਰ ਪਰਿਸ਼ੇ ਤੇ ਕਸ਼ਟਾਂ ਨੂੰ ਜਾਣਕੇ ਸੰਜਮ ਤੋਂ ਭਰਿਸਟ ਨਾ ਹੋਵੇ। (37)

ਸੰਬਰ ਵਾਲਾ, ਮਹਾਬੁਧੀਮਾਨ, ਧੀਰਜਧਾਰੀ ਸਾਧੂ ਦੂਸਰੇ ਰਾਹੀਂ ਦਿੱਤੇ ਭੋਜਨ ਨੂੰ ਗ੍ਰਹਿਨ ਕਰੇ। ਕਸ਼ਾਏ (ਕਰੋਧ, ਮੋਹ, ਮਾਇਆ ਤੇ ਮਾਨ) ਰਹਿਤ ਹੋਕੇ ਮਰਨ ਤੱਕ ਸੰਜਮ ਵਿਚ ਸਥਿਰ ਰਹੇ" ਇਹ ਕੇਵਲੀ ਭਗਵਾਨ ਦਾ ਮਤ ਹੈ। ਅਜੇਹਾ ਮੈਂ ਆਖਦਾ ਹਾਂ। (38)

# ਸਮੋਸਰਨ ਨਾਮਕ ਵਾਰਹਵਾਂ ਅਧਿਐਨ

ਸਮੋਸਰਨ ਜੈਨ ਧਰਮ ਦਾ ਪਾਰਿਭਾਸ਼ਿਕ ਸ਼ਬਦ ਹੈ ਜਿਸ ਦਾ ਸਿੱਧਾ ਅਰਥ ਹੈ ਤੀਰਥੰਕਰਾਂ ਦੀ ਧਰਮ ਸਭਾ । ਜਿਸ ਸਭਾ ਵਿਚ ਮਨੁੱਖ, ਇਸਤਰੀ, ਦੇਵਤੇ, ਦੇਵੀਆਂ, ਪਸ਼ੂ ਤੇ ਪੰਛੀ ਤੀਰਥੰਕਰ ਭਗਵਾਨ ਦਾ ਉਪਦੇਸ਼ ਅਪਣੀ ਅਪਣੀ ਭਾਸ਼ਾ ਵਿਚ ਸੁਣਦੇ ਹਨ । ਭਗਵਾਨ ਦੇ ਸਮੋਸਰਨ ਦਾ ਨਿਰਮਾਨ ਦੇਵਤਿਆਂ ਵਲੋਂ ਅਪਣੀ ਸ਼ਕਤੀ ਨਾਲ ਕੀਤਾ ਜਾਂਦਾ ਹੈ । ਜੈਨ ਗ੍ਰੰਥਾਂ ਵਿਚ ਸਮੋਸਰਨ ਬਾਰੇ ਕਾਫੀ ਵਿਸਥਾਰ ਨਾਲ ਵਰਨਣ ਮਿਲਦਾ ਹੈ ।

ਇਸ ਅਧਿਐਨ ਵਿਚ ਸਮੋਸਰਨ ਦਾ ਅਰਥ ਇਕ ਥਾਂ ਦੇ ਇਕੱਠ ਤੋਂ ਲਿਆ ਗਿਆ ਹੈ । ਇਸ ਅਧਿਐਨ ਵਿਚ ਨਿਰਉਕਤੀਕਾਰ ਤੇ ਟੀਕਾਕਾਰ ਦੋਹਾਂ ਨੇ ਭਗਵਾਨ ਦੇ 363 ਮਤਾਂ ਦਾ ਵਰਨਣ ਕੀਤਾ ਹੈ, ਇਹ ਭੇਦ ਇਸ ਪ੍ਰਕਾਰ ਹਨ । ਇਸ ਅਧਿਐਨ ਦਾ ਦਾਰਸ਼ਨਿਕ ਮਹਤਵ ਬਹੁਤ ਹੈ । ਅਨੇਕਾਂਤਵਾਦ ਪਖੋਂ ਹੀ ਹਰ ਸਿਖਿਆ ਗ੍ਰਹਿਣ ਕਰਨ ਯੋਗ ਹੈ ।

**ਕ੍ਰਿਆਵਾਦੀ**— ਇਨ੍ਹਾਂ ਦੇ 180 ਭੇਦ ਹਨ । (1) ਜੀਵ ਅਪਣੇ ਆਪ ਵਿਚ ਹੈ । (2) ਜੀਵ ਦੂਸਰੇ ਤੋਂ ਉੱਤਮ ਹੁੰਦਾ ਹੈ । (3) ਜੀਵ ਨਿੱਤ ਹੈ । (4) ਜੀਵ ਅਨਿੱਤ ਹੈ । ਇਨ੍ਹਾਂ ਚਾਰ ਭੇਦਾਂ ਨਾਲ ਕਾਲ ਲੈਣ ਤੇ ਇਹ 20 ਭੇਦ ਬਣ ਜਾਂਦੇ ਹਨ । ਜਿਵੇਂ— 1) ਜੀਵ ਕਾਲ ਪੱਖੋਂ ਹੈ । 2) ਜੀਵ ਸਮਾਂ ਪਾ ਕੇ ਦੂਸਰੇ ਜਾਂ ਆਪਣੇ ਵਿਚ ਹੁੰਦਾ ਹੈ । 3) ਜੀਵ ਚੇਤਨ ਗੁਣ ਕਾਰਣ ਨਿੱਤ ਹੈ । (4) ਜਵਿ ਦੀ ਬੁਧੀ, ਕਾਲ ਪਾਕੇ ਘਟਦੀ, ਵੱਧਦੀ ਰਹਿੰਦੀ ਹੈ ਇਸ ਲਈ ਉਹ ਅਨਿੱਤ ਹੈ । (5) ਜੀਵ ਸੁਭਾਵ ਪਖੋਂ ਹੈ । (6) ਜੀਵ ਸੁਭਾਵ ਵਿਚ ਰਹਿੰਦਾ ਹੋਇਆ ਅਪਣੇ ਜਾਂ ਹੋਰ ਕਿਸੇ ਰਾਹੀਂ ਪ੍ਰਗਟ ਹੁੰਦਾ ਹੈ । (7) ਜੀਵ ਸੁਭਾਵ ਪਖੋਂ ਖੁਦ ਕਾਇਮ ਰਹਿਨ ਕਾਰਣ ਨਿੱਤ ਹੈ । (8) ਜੀਵ ਸੁਭਾਵ ਕਾਰਣ ਮੌਤ ਹੋਣ ਕਾਰਣ ਅਨਿੱਤ ਹੈ । (9) ਜੀਵ ਨੇ ਪੈਦਾ ਹੋਣਾ ਹੈ ਤਾਂ ਹਜਾਰਾਂ ਪੈਦਾ ਹੋਕੇ ਖੁਦ ਹੁੰਦਾ ਹੈ (10) ਜੀਵ ਹੋਣ ਵਾਲਾ ਹੁੰਦਾ ਹੈ ਤਾਂ ਦੂਸਰੇ ਕਾਰਣ ਮਿਲਕੇ ਉਤਪੰਨ ਹੁੰਦਾ ਹੈ । (11) ਜੀਵ ਹੋਣ ਵਾਲਾ ਹੁੰਦਾ ਹੈ ਤਾਂ ਪੈਦਾ ਹੋਕੇ ਸਦਾ ਕਾਇਮ ਰਹਿੰਦਾ ਹੈ । 12) ਜੀਵ ਹੋਣੀ [ਨਿਅਤੀ]ਕਾਰਣ ਪੈਦਾ ਹੋਕੇ ਮਰਦਾ ਹੈ ਇਸ ਲਈ ਅਨਿੱਤ ਹੈ ।

13) ਜੀਵ ਈਸ਼ਵਰ ਤੋਂ ਉਤਪਨ ਹੁੰਦਾ ਹੈ। 14) ਜੀਵ ਈਸ਼ਵਰ ਰਾਹੀਂ ਅਪਣੇ ਨਮਿਤ ਕਾਰਣ ਨਾਲ ਪੈਦਾ ਹੁੰਦਾ ਹੈ। 15) ਜੀਵ ਈਸ਼ਵਰ ਰਾਹੀਂ ਨਿੱਤ ਹੁੰਦਾ ਹੈ। 16) ਜੀਵ ਈਸ਼ਵਰ ਰਾਹੀਂ ਅਨਿੱਤ ਹੁੰਦਾ ਹੈ। 17) ਜੀਵ ਅਪਣੇ ਰੂਪ ਵਿਚ ਖੁਦ ਉਤਪਨ ਹੁੰਦਾ ਹੈ। 18) ਜੀਵ ਅਪਣੇ ਰੂਪ ਵਿਚ ਦੂਸਰੇ ਰਾਹੀਂ ਉਤਪੰਨ ਹੁੰਦਾ ਹੈ। 19) ਜੀਵ ਅਪਣੇ ਰੂਪ ਤੋਂ ਨਿੱਤ ਹੈ। (20) ਜੀਵ ਅਪਣੇ ਰੂਪ ਤੋਂ ਅਨਿੱਤ ਹੈ।

ਇਸੇ ਪ੍ਰਕਾਰ ਅਜੀਵ ਆਦਿ 9 ਪਦਾਰਥ 20 ਪ੍ਰਕਾਰ ਨਾਲ ਮਿਲਾਉਣ ਦੇ ਕ੍ਰਿਆਵਾਦੀਆਂ ਦੇ 180 ਭੇਦ ਹੁੰਦੇ ਹਨ ( ਜੀਵ, ਅਜੀਵ, ਪਾਪ, ਪੁੰਨ, ਆਸ਼ਰਵ, ਨਿਰਜਰਾ, ਸੰਬਰ, ਬੰਧ ਤੇ ਮੋਕਸ਼।

**ਅਕ੍ਰਿਆਵਾਦੀ**—"ਜੀਵ ਆਦਿ ਪਦਾਰਥ ਕਿਸੇ ਤਰ੍ਹਾਂ ਨਹੀਂ ਹੈ।"

ਇਹ ਮਤ ਵਾਲੇ ਅਜੀਵ ਵਾਦੀਆਂ ਦੇ 84 ਭੇਦ ਹਨ।

ਜੀਵ ਆਦਿ ਸੱਤ ਪਦਾਰਥ ਨੂੰ ਲਿਖ ਕੇ ਉਨ੍ਹਾਂ ਦੇ ਜਵ ਤੇ ਪਰ ਦੋ ਭੇਦ ਰਖਣੇ ਚਾਹੀਦੇ ਹਨ, ਉਨ੍ਹਾਂ ਹੇਠਾਂ ਕਾਲ, ਯਾਦ ਇੱਛਾ, ਨਿਯੋਤੀ, ਸੁਭਾਵ, ਈਸ਼ਵਰ ਤੇ ਆਤਮਾ ਇਹ ਛੇ ਭੇਦ ਰਖਨੇ ਚਾਹੀਦੇ ਹਨ। ਉਦਾਹਰਣ ਪਖੋਂ (1) ਜੀਵ ਖੁਦ ਕਾਲ ਪਖੋਂ ਹੈ (2) ਜੀਵ ਦੂਸਰੇ ਕਾਲ ਤੋਂ ਨਹੀਂ ਹੈ (3) ਜੀਵ ਯੱਦ ਇਛਾ ਤੋਂ ਖੁਦ ਨਹੀਂ ਹੈ (4) ਜੀਵ ਯਦਇਛਾ ਤੋਂ ਪਰਪਖੋਂ ਨਹੀਂ ਹੁੰਦਾ! ਇਸੇ ਤਰ੍ਹਾਂ ਨਿਯਤੀ, ਸੁਭਾਵ, ਈਸ਼ਵਰ ਤੇ ਆਤਮਾ ਨਾਲ ਜੋੜਨ ਤੇ ਹਰੇਕ ਦੇ ਦੋ ਦੋ ਭੇਦ ਹੋ ਕੇ ਕੁਲ 12 ਭੇਦ ਹੁੰਦੇ ਹਨ। 12 ਭੇਦਾਂ ਨੂੰ ਸੱਤ ਪਦਾਰਥ ਪਖੋਂ ਭੇਦ ਕਰਨ ਤੇ 84 ਭੇਦ ਹੁੰਦੇ ਹਨ। ਇਹ ਨਾਸਤਿਕਾਂ ਦੇ ਭੇਦ ਹਨ।

**ਅਗਿਆਨਵਾਦੀ**—ਅਗਿਆਨ ਰਾਹੀਂ ਇਸ਼ਟ ਦੀ ਸਿੱਧੀ ਮੰਨਦੇ ਹਨ। ਅਗਿਆਨ-ਵਾਦ ਗਿਆਨ ਨੂੰ ਬੇਕਾਰ ਤੇ ਦੋਸ਼ ਭਰਪੂਰ ਆਖਦੇ ਹਨ। ਅਗਿਆਨਵਾਦੀਆਂ ਦੇ 67 ਭੇਦ ਹਨ। ਜੀਵ ਆਦਿ ਪਖੋਂ 9 ਤੱਤਵਾਂ ਪਖੋਂ ਹਰ ਦੋ ਭੇਦ ਹਨ ਜੋ ਇਸ ਪ੍ਰਕਾਰ ਹਨ (1) ਸਤ (2) ਅਸਤ (3) ਸਦਸਤ (4) ਅਵਕੱਤਵਿਆ (5) ਸਦਵਕਤਵਿਆ (6) ਅਸਦਵਕਤਵਿਆ (7) ਸਦਵਕਤਵਿਆ।

ਉਦਾਹਰਣ— 1. ਜੀਵ ਸਤ ਹੈ ਇਹ ਕੌਣ ਜਾਣਦਾ ਹੈ? ਇਹ ਜਾਨਣ ਦਾ ਕੀ ਉਦੇਸ਼ ਹੈ?

2. ਜੀਵ ਅਸਤ ਹੈ ਇਹ ਕੌਣ ਜਾਣਦਾ ਹੈ ਅਤੇ ਇਹ ਜਾਨਣ ਦਾ ਕੀ ਉਦੇਸ਼ ਹੈ?

3. ਜੀਵ ਸਦਸਤ ਹੈ ਇਹ ਕੌਣ ਜਾਣਦਾ ਹੈ ? ਅਤੇ ਇਹ ਜਾਨਣ ਦਾ ਕੀ ਉਦੇਸ਼ ਹੈ ?

4. ਜੀਵ ਅਵਕਤੱਵਯ (ਨਾਂ ਆਖਣ ਯੋਗ ਹੈ ਇਹ ਕੌਣ ਜਾਣਦਾ ਹੈ ਅਤੇ ਇਹ ਜਾਨਣ ਦਾ ਕੀ ਉਦੇਸ਼ ਹੈ ?)

5. ਜੀਵ ਸਦਵਕਤੱਵਯ ਹੈ ਇਹ ਕੌਣ ਜਾਣਦਾ ਹੈ ? ਅਤੇ ਇਹ ਜਾਨਣ ਦਾ ਕੀ ਉਦੇਸ਼ ਹੈ ?

6. ਜੀਵ ਅਸਦਵਕਤੱਵਯ ਹੈ ਇਹ ਕੌਣ ਜਾਣਦਾ ਹੈ ਅਤੇ ਇਹ ਜਾਨਣ ਦਾ ਕੀ ਉਦੇਸ਼ ਹੈ ?

7. ਜੀਵ ਸਤ, ਅਸਤ, ਅਵਕਤੱਵਯ ਹੈ ਇਹ ਕੌਣ ਜਾਣਦਾ ਹੈ ? ਅਤੇ ਇਹ ਜਾਨਣ ਦਾ ਕੀ ਉਦੇਸ਼ ਹੈ ।

ਇਸ ਤਰਾਂ ਅਜੀਵ ਆਦਿ ਦੇ ਵੀ ਜੀਵ ਦੀ ਤਰ੍ਹਾਂ ਸੱਤ ਭੇਦ ਹਨ । ਨੌਂ ਤਤਵਾਂ ਦੇ 63 ਭੇਦ ਬਣਦੇ ਹਨ ।

ਇਸ ਦੇ ਚਾਰ ਹੋਰ ਭੇਦ ਹਨ —

1. ਜਿਵੇਂ ਸਤ (ਹੋਂਦ) ਪਦਾਰਥ ਦੀ ਉੱਤਪਤੀ ਕੌਣ ਜਾਣਦਾ ਹੈ ? ਇਹ ਜਾਨਣ ਦਾ ਕੀ ਲਾਭ ਹੈ ?

2. ਅਸੱਤ (ਅਣਹੋਂਦ) ਪਦਾਰਥ ਦੀ ਉੱਤਪਤੀ ਕੌਣ ਜਾਣਦਾ ਹੈ ? ਕਿ ਇਹ ਜਾਨਣ ਦਾ ਕੀ ਲਾਭ ਹੈ ?

3. ਸਤਅਸ਼ਤ (ਕੁਝ ਹੋਂਦ ਤੇ ਕੁਝ ਅਣਹੋਂਦ) ਪਦਾਰਥ ਦੀ ਉੱਤਪਤੀ ਕੌਣ ਜਾਣਦਾ ਹੈ ? ਇਹ ਜਾਨਣ ਦਾ ਕੀ ਲਾਭ ਹੈ ?

4. ਅਵੱਕਤਵਯ ਭਾਵ ਦੀ ਉੱਤਪਤੀ ਕੌਣ ਜਾਣਦਾ ਹੈ ? ਇਸ ਨੂੰ ਜਾਨਣ ਦਾ ਕੀ ਲਾਭ ਹੈ ?

63 ਵਿਚ 4 ਹੋਰ ਭੇਦ ਮਿਲਾਉਣ ਨਾਲ 67 ਭੇਦ ਹੁੰਦੇ ਹਨ ।

**ਵਿਨੈਵਾਦ—**

ਵਿਨੈ ਰਾਹੀਂ ਪਰਲੋਕ ਦੀ ਪ੍ਰਾਪਤੀ ਮਨਣ ਵਾਲੇ ਵਿਨੈਵਾਦੀਆਂ ਦੇ 32 ਭੇਦ ਹਨ । ਦੇਵਤਾ, ਰਾਜਾ, ਯਤੀ, ਜਾਤੀ, ਬੁਢੇ, ਪਾਪੀ, ਮਾਤਾ, ਪਿਤਾ ਨੂੰ ਮਨ ਬਚਨ, ਸ਼ਰੀਰ ਅਤੇ ਦਾਨ ਰਾਹੀਂ ਚਾਰ ਪ੍ਰਕਾਰ ਦੀ ਵਿਨੈ ਕਰਨਾ ਹੀ ਵਿਨੈਵਾਦੀਆਂ ਦਾ ਮੱਤ ਹੈ ।

ਇਹ ਅੱਠ ਚਾਰ ਚਾਰ ਪ੍ਰਕਾਰ ਦੇ ਹੁੰਦੇ ਹਨ ।

| | | | | | | |
|---|---|---|---|---|---|---|
| ਦੇਵਤੇ ਦੀ | ਮਨ, | ਬਚਨ, | ਸ਼ਰੀਰ | ਅਤੇ ਦਾਨ | ਰਾਹੀਂ ਵਿਨੈ | = 4 ਭੇਦ |
| ਰਾਜੇ | ,, | ,, | ,, | ,, | ,, | = 4 ਭੇਦ |
| ਯਤੀ | ,, | ,, | ,, | ,, | ,, | = 4 ਭੇਦ |
| ਜਾਤੀ | ,, | ,, | ,, | ,, | ,, | = 5 ਭੇਦ |
| ਬੁਢੇ | ,, | ,, | ,, | ,, | ,, | = 4 ਭੇਦ |
| ਅਧਮ | ,, | ,, | ,, | ,, | ,, | = 4 ਭੇਦ |
| ਮਾਤਾ | ,, | ,, | ,, | ,, | ,, | = 4 ਭੇਦ |
| ਪਿਤਾ | ,, | ,, | ,, | ,, | ,, | = 4 ਭੇਦ |

ਇਸ ਅਧਿਐਨ ਵਿਚ 363 ਦਾਰਸ਼ਨਿਕਾਂ ਦੇ ਮੱਤਾਂ ਦਾ ਵਰਨਣ ਪਹਿਲੀ ਹੀ ਗਾਥਾ ਵਿਚ ਕਿਹਾ ਗਿਆ ਹੈ ।

ਇਨ੍ਹਾਂ ਮੱਤਾਂ ਦੀ ਜਾਨਕਾਰੀ ਦਾ ਉਦੇਸ਼ ਇਹ ਹੈ ਕਿ ਮਨੁੱਖ ਮਿਥਿਆ ਵਿਚਾਰਧਾਰਾ ਛਡ ਕੇ ਸਮਿਅਕਤਵ ਗ੍ਰਹਿਣ ਕਰੇ । ਇਸ ਅਧਿਐਨ ਵਿਚ ਉਨ੍ਹਾਂ ਭਾਰਤੀ ਵਿਚਾਰਧਾਰਾ ਦਾ ਵਰਨਣ ਆਇਆ ਹੈ । ਜੋ ਜਾਂ ਤਾਂ ਖਤਮ ਹੋ ਚੁਕੀਆਂ ਹਨ ਜਾਂ ਕਿਸੇ ਹੋਰ ਧਰਮ ਦਾ ਅੰਗ ਬਣ ਗਈਆਂ ਹਨ ।



# ਬਾਰਹਵਾਂ ਸਮੋਸਰਨ ਅਧਿਐਨ

- ਕ੍ਰਿਆਵਾਦ ਅਕ੍ਰਿਆਵਾਦ, ਵਿਨੇਵਾਦਾਂ ਤੇ ਅਗਿਆਨ ਵਾਦ" ਚਾਰ ਸਿਧਾਂਤ ਹਨ. ਜਿਨ੍ਹਾਂ ਨੂੰ ਅਨਤੀਰਥੀ ਵੱਖ ਵੱਖ ਵਰਨਣ ਚਖਦੇ ਹਨ । (1)

ਅਗਿਆਨ ਵਾਦੀ ਖੁਦ ਨੂੰ ਹੋਸ਼ਿਆਰ ਸਮਝਦੇ ਹੋਏ ਵੀ ਸ਼ਕ ਤੋਂ ਰਹਿਤ ਨਹੀਂ ਹਨ ਉਹ ਮਿਥਿਆਤਵੀ ਹਨ । ਉਹ ਅਗਿਆਨੀ ਹਨ ਅਤੇ ਅਗਿਆਨੀ ਨੂੰ ਹੀ ਉਪਦੇਸ਼ ਦਿੰਦੇ ਹਨ । ਭਾਵ ਖੁਦ ਨੂੰ ਗਿਆਨੀ ਮੰਨ ਕੇ, ਦੂਸਰੇ ਨੂੰ ਉਪਦੇਸ਼ ਦੇਣਾ ਤੇ ਖੁਦ ਅਗਿਆਨ ਨੂੰ ਕਲਿਆਣ ਦਾ ਕਾਰਨ ਮੰਨਣਾ ਮਿਥਿਆਤਵ ਹੈ। ਇਹ ਸਭ ਝੂਠੇ ਹਨ (2)

ਸੱਚ ਨੂੰ ਝੂਠ ਮੰਨਣ ਵਾਲੇ, ਚੰਗੇ ਨੂੰ ਮਾੜਾ ਸਮਝਣ ਵਾਲੇ, ਵਿਨੈ ਵਾਦੀ ਨੂੰ ਹੀ ਮੋਕਸ਼ ਦਾ ਕਾਰਣ ਮੰਨਦੇ ਹਨ । (3)

---

ਟਿੱਪਣੀ ਗਾਥਾ—1 (1) ਕ੍ਰਿਆਵਾਦੀ ਪਦਾਰਥ ਹੈ । । ਅਤੇ ਅਕ੍ਰਿਆਵਾਦੀ ਪਦਾਰਥ ਨਹੀਂ ਹੈ ਇਹ ਮਨਦੇ ਹਨ ।

ਟਿਪਣੀ-ਗਾਥਾ (2) "ਅਗਿਆਨ ਹੀ ਕਲਿਆਣ ਦਾ ਸਾਧਨ ਹੈ" ਅਜਿਹਾ ਆਖਣ ਵਾਲੇ ਅਗਿਆਨ ਵਾਦੀ ਭਰਮ ਤੋਂ ਰਹਿਤ ਨਹੀਂ । ਕਿਉਂਕਿ ਅਜਿਹੀ ਗੱਲ ਆਖਣ ਲਈ ਵੀ ਗਿਆਨ ਹੀ ਪ੍ਰਯੋਗ ਵਿਚ ਆਉਂਦਾ ਹੈ। ਕਈ ਆਤਮਾ ਨੂੰ ਸਰਵ ਵਿਆਪਕ ਮੰਨਦੇ ਹਨ । ਕਈ ਸਰਵ ਵਿਆਪਕ ਨਹੀਂ ਮੰਨਦੇ। ਕਈ ਅੰਗੂਠੇ ਦੇ ਉਪਰਲੇ ਹਿਸੇ ਦੀ ਤਰ੍ਹਾਂ ਆਤਮਾ ਵਾਰੇ ਆਖਦੇ ਹਨ। ਕੋਈ ਆਤਮਾ ਨੂੰ ਮੂਰਤ (ਸ਼ਕਲ ਵਾਲੀ) ਆਖਦੇ ਹਨ ਕਈ ਅਮੂਰਤ (ਸ਼ਕਲ ਰਹਿਤ) ਆਖਦੇ ਹਨ । ਕੋਈ ਆਖਦੇ ਹਨ ਆਤਮਾ ਦਿਲ ਵਿਚ ਰਹਿੰਦੀ। ਕੋਈ ਮੱਥੇ ਦੇ ਵਿਚਕਾਰ ਮੰਨਦੇ ਹਨ। ਸਾਰੇ ਅਗਿਆਨਵਾਦੀ ਆਤਮਾ ਵਾਰੇ ਇਕ ਮੱਤ ਨਹੀਂ ਅਗਿਆਨਵਾਦੀ ਸਰਵੱਗਤਾ ਪ੍ਰਤੀ ਸ਼ੱਕ ਪ੍ਰਗਟ ਕਰਦੇ ਹਨ ।

ਟਿਪਣੀ (3) ਜੋ ਪੁਰਸ਼ ਮਾਤਰ (ਆਤਮਾ) ਦਾ ਕਲਿਆਣ ਕਰਨ ਵਾਲਾ, ਵਸਤੂ ਦਾ ਯਥਾਰਥ ਸਵਰੂਪ ਹੈ ਉਸਨੂੰ ਸਤਿ ਆਖਦੇ ਹਨ ਜਾਂ ਮੁਕਤੀ ਲਈ ਧਾਰਨ ਸੰਜਮ ਮਾਰਗ ਨੂੰ ਸਤਿ ਆਖਦੇ ਹਨ । ਵਿਨੈਵਾਦੀ ਇਸ ਸਤ ਨੂੰ ਅਸਤ ਝੂਠ ਮੰਨਦੇ ਹਨ। "ਸਾਰਿਆਂ ਤੂੰਤੀ ਵਿਨੈ ਕਰਨ ਨਾਲ ਸਵਰਗ ਤੇ ਮੁਕਤੀ

ਵਿਨੈ ਵਾਦੀ ਸਚਾਈ ਨੂੰ ਨਾ ਸਮਝ ਕੇ ਆਖਦੇ ਹਨ ਅਸੀਂ ਇਸ ਪ੍ਰਕਾਰ ਵਿਨੈ ਵਿਚ ਹੀ ਸਿੱਧੀ ਸਮਝਦੇ ਹਾਂ ਅਕ੍ਰਿਆਪਨ ਦੀ ਕਰਮਬਧ ਵਿਸ਼ੇ ਵਿੱਚ ਸ਼ੱਕ ਕਰਨ ਵਾਲੇ ਅਕ੍ਰਿਆਵਾਦੀ ਭਵਿੱਖ ਤੇ ਵਰਤਮਾਨ ਵਿਚ ਅਸਿਧੀ ਮਨਕੇ ਕ੍ਰਿਆ ਤੋਂ ਰੋਕਦੇ ਹਨ। (4)

ਇਹ ਅਕ੍ਰਿਆਵਾਦੀ ਨਾਸਤਕ ਜਿਸ ਗੱਲ ਨੂੰ ਮੰਨਦੇ ਹਨ ਉਸ ਦੀ ਮਨਾਹੀ ਕਰਦੇ ਹਨ। ਇਹ ਮਿਸ਼ਰਨ ਪੱਖ (ਹੋਂਦ-ਅਣਹੋਂਦ) ਵਾਲੇ ਹਨ ਪ੍ਰਸ਼ਨ ਦਾ ਉਤਰ ਨਾ ਦੇਣ ਕਾਰਨ ਚੁਪ ਰਹਿੰਦੇ ਹਨ। ਉਹ ਆਖਦੇ ਹਨ ਸਾਡਾ ਮਤ ਵਿਰੋਧ ਰਹਿਤ ਹੈ। ਦੂਸਰਾ ਮੱਤ ਵਿਰੋਧ ਵਾਲਾ ਹੈ। ਉਹ ਧੋਖੇ ਰਾਹੀਂ ਆਪਣੇ ਮਤ ਨੂੰ ਠੀਕ ਅਤੇ ਦੂਸਰੇ ਨੂੰ ਗਲਤ ਆਖਕੇ ਨਿੰਦਾ ਕਰਦੇ ਹਨ। (5)

ਪਦਾਰਥ ਦੇ ਸੱਚੇ ਸਵਰੂਪ ਨੂੰ ਨਾ ਸਮਝਣ ਵਾਲੇ ਅਕ੍ਰਿਆਵਾਦੀ ਭਿੰਨ-ਭਿੰਨ ਪ੍ਰਕਾਰ ਦੇ ਕੁਸ਼ਾਸਤਰਾਂ ਦੀ ਕਥਾ ਕਰਦੇ ਹਨ। ਇਸ ਗਲਤ ਆਸਰੇ ਕਾਰਣ ਬਹੁਤ ਸਾਰੇ ਲੋਕ ਅਨੰਤ ਕਾਲ ਤਕ ਸੰਸਾਰ ਵਿੱਚ ਭਟਕਦੇ ਹਨ। (6)

(ਸਰਵ ਸੁਨਵਾਦੀ ਆਖਦੇ ਹਨ) ਸੂਰਜ ਨਾ ਉਗਦਾ ਹੈ ਨਾ ਅਸਤ ਹੁੰਦਾ ਹੈ। ਚੰਦਰਮਾ ਨਾ ਵਧਦਾ ਹੈ ਨਾ ਘਟਦਾ ਹੈ। ਪਾਣੀ ਵਹਿੰਦਾ ਨਹੀਂ। ਹਵਾ ਚਲਦੀ ਨਹੀਂ। ਸਾਰਾ ਸੰਸਾਰ ਮਿਥਿਆ ਤੇ ਸੁੰਨ ਹੈ। (7)

ਜਿਵੇਂ ਅੰਨ੍ਹਾ, ਦੀਵਾ ਲੈ ਕੇ ਵੀ, ਅੰਨ੍ਹਾ ਹੋਣ ਕਾਰਨ ਕਿਸੇ ਪਦਾਰਥ ਨੂੰ ਨਹੀਂ ਵੇਖ ਸਕਦਾ ਉਸੇ ਪ੍ਰਕਾਰ ਗਿਆਨ ਰਹਿਤ, ਅਕ੍ਰਿਆਵਾਦੀ ਸੱਚੇ ਤੇ ਸਪਸ਼ਟ ਪਦਾਰਥ ਨੂੰ ਨਹੀਂ ਵੇਖ ਸਕਦੇ। (8)

---

ਮਿਲਦੀ ਹੈ ਇਹ ਗੱਲ ਬਿਨਾ ਵਿਚਾਰੇ ਆਖਦੇ ਹਨ। ਗਿਆਨ ਤੇ ਕ੍ਰਿਆ ਦੋਹਾਂ ਨਾਲ ਮੋਕਸ਼ ਹੁੰਦਾ ਹੈ ਪਰ ਇਹ ਇਸ ਸਭ ਨੂੰ ਛੱਡ ਕੇ ਵਿਨੈ ਰਾਹੀਂ ਮੁਕਤੀ ਮੰਨਦੇ ਹਨ।

ਟਿਪਣੀ (4) ਇਸ ਗਾਥਾ ਵਿਚ ਟੀਕਾਕਾਰ ਸੀਲਾਂਕਾਚਾਰੀਆ ਨੇ ਲੋਕਾਇਤ ਤੇ ਬੁੱਧ ਮੱਤ ਨੂੰ ਅਕ੍ਰਿਆਵਾਦੀ ਕਿਹਾ ਹੈ ਕਿਉਂਕਿ ਦੋਵੇਂ ਮੱਤ ਆਤਮਾ ਨੂੰ ਨਸ਼ਟ ਹੋਣ ਵਾਲਾ ਮੰਨਦੇ ਧਨ। ਜੇ ਆਤਮਾ ਦੀ ਹੋਂਦ ਇਸ ਜਨਮ ਵਿਚ ਖਤਮ ਹੈ ਤਾਂ ਅਗਲੇ ਜਨਮ ਲਈ ਕਰਮ ਬੰਧ ਕਿਸ ਨੂੰ ਹੁੰਦਾ ਹੈ ? ਟੀਕਾਕਾਰ ਨੇ ਬੁਧ ਮੱਤ ਦੇ ਕਸ਼ਨੀਕਵਾਦ (क्षणिकबाद) ਦਾ ਬਹੁਤ ਵਿਸਥਾਰ ਨਾਲ ਖੰਡਨ ਕੀਤਾ ਹੈ। ਟੀਕਾਕਾਰ ਆਖਦਾ ਹੈ ਸ਼ਾਸ਼ਤਰਕਾਰ ਨੇ ਅਕ੍ਰਿਆਵਾਦੀਆਂ ਵਿਚ ਸਾਂਖਯ ਦਰਸ਼ਨ ਨੂੰ ਵੀ ਲਿਆ ਹੈ ਜੋ ਆਂਤਮਾ ਨੂੰ ਕ੍ਰਿਆ ਰਹਿਤ ਸਵੀਕਾਰ ਕਰਦੇ ਹਨ। ਚਾਰਵਕ ਮੱਤ ਵਾਲੇ ਆਤਮਾ, ਪ੍ਰਮਾਤਮਾ, ਪੁਨਰ ਜਨਮ ਆਦਿ ਕਿਸੇ ਨੂੰ ਨਹੀਂ ਮੰਨਦੇ ਸੋ ਇਹ ਮੱਤ ਵੀ ਅਕ੍ਰਿਆਵਾਦੀ ਹੈ।

1) ਜੋਤਿਸ਼ (ਸਵੱਤਸਰ) 2, ਸੁਪਨਸ਼ਾਸਤਰ 3) ਲਛਨਸ਼ਾਸਤਰ 4) ਸ਼ਗੁਨਸਾਸ਼ਤਰ 5) ਸ਼ਰੀਰ ਸ਼ਾਸਤਰ 6) ਉਤਪਾਤ (ਅਕਾਸ਼ ਨੂੰ ਵੇਖ ਕੇ ਭਵਿਖ ਬਾਣੀ ਕਰਨ ਵਾਲੇ ਸ਼ਾਸਤਰ) ਭੂਮੀ ਕੰਪ (7) ਅੰਗ ਸਫੂਰਨ ਇਨ੍ਹਾਂ ਅੱਠਾਂ ਸਾਸ਼ਤਰਾਂ ਦੇ ਜਾਨਕਾਰ, ਬਹੁਤ ਸਾਰੇ ਲੋਕਾਂ ਦਾ ਭਵਿੱਖ ਦੱਸ ਦਿੰਦੇ ਹਨ। ਪਰ ਸੁਨਵਾਦੀ ਤਾਂ ਇੰਨਾਂ ਵੀ ਜਾਣਦੇ। ਸੁਨਵਾਦ ਅਨੁਸ਼ਾਰ ਭੂਤ ਭਵਿਖਤ ਦਾ ਗਿਆਨ ਨਹੀਂ ਹੁੰਦਾ। (9)

ਕੋਈ ਕੋਈ ਜੋਤਸ਼ ਸੱਚਾ ਹੁੰਦਾ ਹੈ। ਕਿਸੇ ਕਿਸੇ ਜੋਤਸ਼ੀ ਦਾ ਗਿਆਨ ਵੀ ਉਲਟ ਹੁੰਦਾ ਹੈ, ਅਜਿਹਾ ਵੇਖ ਕੇ ਅਕ੍ਰਿਆਵਾਦੀ ਸੱਚੀ ਵਿਦਿਆ ਦਾ ਨਾ ਆਪ ਅਧਿਐਨ ਕਰਦੇ ਹਨ ਅਤੇ ਨਾ ਹੀ ਦੂਸਰੇ ਨੂੰ ਕਰਨ ਦਾ ਉਪਦੇਸ਼ ਦਿੰਦੇ ਹਨ। (10)

ਕੋਈ ਕੋਈ ਸ਼੍ਰਮਣ, ਬ੍ਰਾਹਮਣ (ਬੁੱਧਮਤ ਦੇ ਮਹੰਤ) ਆਪਣੀ ਆਪਣੀ ਸਮਝ ਅਨੁਸਾਰ ਲੋਕ ਦਾ ਸਵਰੂਪ ਜਾਣਕੇ ਆਖਦੇ ਹਨ। ਕਰਮ ਅਨੁਸਾਰ ਹੀ ਫਲ ਪ੍ਰਾਪਤੀ ਦਸਦੇ ਹਨ। ਦੁੱਖ ਆਪਣੀ ਕ੍ਰਿਆ ਤੋਂ ਪੈਦਾ ਹੁੰਦਾ ਹੈ। ਪਰ ਤੀਰਥੰਕਰਾਂ ਦਾ ਆਖਣਾ ਹੈ "ਮੁਕਤੀ ਗਿਆਨ ਤੇ ਕ੍ਰਿਆ ਰਾਹੀਂ ਹੁੰਦੀ ਹੈ (ਇਕੱਲੀ ਕ੍ਰਿਆਨਾਲ ਨਹੀਂ)।" (11)

ਤੀਰਥੰਕਰਾਂ ਕੇਵਲੀ ਇਸ ਸੰਸਾਰ ਦੀ ਅੱਖ ਹਨ ਸੰਸਾਰ ਨੂੰ ਸੱਚੇ ਰਾਹ ਲੈ ਜਾਣ ਵਾਲੇ ਹਨ। । ਪਰਜਾ ਨੂੰ ਮੁਕਤੀ ਦਾ ਉਪਦੇਸ਼ ਦਿੰਦੇ ਹਨ। (ਉਨ੍ਹਾਂ ਦਾ ਉਪਦੇਸ਼ ਹੈ, ਹੇ ਮਾਨਵ ! ਜਿਉਂ ਜਿਉਂ ਮਿਥਿਆਤਵ (ਅਗਿਆਨ) ਵਿੱਚ ਵਾਧਾ ਹੁੰਦਾ ਹੈ ਤਿਉਂ ਤਿਉਂ ਆਵਾਗਮਨ ਹੁੰਦਾ ਹੈ। ਜਿਸ ਕਾਰਣ ਸੰਸਾਰ ਵਿਚ ਜਨਮ ਹੁੰਦਾ ਹੈ। (12)

ਜੋ ਰਾਕਸ਼ (ਵਿਯੰਤਰ) ਹਨ, ਯਮ ਲੋਕ ਵਿਚ ਰਹਿੰਦੇ ਹਨ ਜੋ (ਵੈਮਾਨਿਕ) ਹਨ ਜੋ ਗੰਧਰਵ ਹਨ ਤੇ ਦੇਵਤੇ ਹਨ ਜੋ ਅਕਾਸ਼ਗਾਮੀ (ਵਿਦਿਆਧਰ ਅਤੇ ਪੰਛੀ) ਹਨ ਅਤੇ ਭੂਮੀਚਰ ਹਨ ਉਹ ਸਾਰੇ ਆਪਣੇ ਆਪਣੇ ਕਰਮ ਅਨੁਸਾਰ ਸੰਸਾਰ ਵਿਚ ਭੱਟਕਦੇ ਹਨ। (13)

ਜਿਵੇਂ ਸੰਸਾਰ ਨੂੰ ਸਵੈ ਭਰਮਨ ਸਮੁੰਦਰ ਦੀ ਤਰ੍ਹਾਂ ਅਥਾਹ ਕਿਹਾ ਗਿਆ ਹੈ। ਇਸੇ ਪ੍ਰਕਾਰ ਸੰਸਾਰ ਦੇ ਵਿਸ਼ਿਆਂ ਤੇ ਇਸਤਰੀਆਂ ਦੇ ਭੋਗੀ ਜੀਵ, ਸਥਾਵਰ ਤੇ ਤਰੱਸ ਗਤੀਆਂ ਵਿੱਚ ਘੁਮ ਰਹੇ ਹਨ ਇਸ ਡੂੰਘ ਸੰਸਾਰ ਨੂੰ ਵੀ ਨਾ ਤੈਰਨ ਯੋਗ ਸਮੁੰਦਰ ਦੀ ਤਰ੍ਹਾਂ ਮੁਸ਼ਕਿਲ ਸਮਝਣਾ ਚਾਹੀਦਾ ਹੈ। (14)

ਅਗਿਆਨੀ ਜੀਵ ਸਾਵਦਯ (ਪਾਪ) ਕਰਮ ਕਾਰਣ, ਪੁਰਾਣੇ ਕਰਮਾਂ ਦਾ ਖਾਤਮਾ ਨਹੀਂ ਕਰ ਸਕਦੇ ਅਤੇ ਸਮਝਦਾਰ ਪੁਰਸ਼ ਅਕਰਮ (ਆਸ਼ਰ ਵਰਹਿਤ) ਹੋ ਕਰਮਾਂ ਦਾ ਖਾਤਮਾ ਕਰਦੇ ਹਨ। ਬੁਧੀਮਾਨ ਪੁਰਸ਼ ਲੋਕ ਤੇ ਅਭਿਮਾਨ ਤੋਂ ਦੂਰ ਰਹਿੰਦਾ ਹੈ। ਉਹ ਸੰਤੋਖੀ ਬਣਕੇ, ਪਾਪ ਕਰਮ ਨਹੀਂ ਕਰਦਾ। (15)

ਜੋ ਮਹਾਂਪੁਰਸ਼ ਲੋਭ ਦੇ ਤਿਆਗੀ, ਸੰਤੋਖੀ ਤੇ ਪਾਪਕਰਮ ਤੋਂ ਮੁਕਤ ਹੁੰਦੇ ਹਨ।

ਉਹ ਵੀਤਰਾਗੀ ਲੋਕ ਦੇ ਭੂਤ, ਭਵਿੱਖ ਤੇ ਵਰਤਮਾਨ ਨੂੰ ਜਾਣਦੇ ਹਨ। ਉਹ ਹੋਰ ਜੀਵਾਂ ਨੂੰ ਸੰਸਾਰ ਸਾਗਰ ਪਾਰ ਕਰਾਉਣ ਵਿੱਚ ਸੱਚੇ ਨੇਤਾ ਬਣਦੇ ਹਨ ਪਰ ਉਨ੍ਹਾਂ ਦਾ ਕੋਈ ਨੇਤਾ ਨਹੀਂ ਹੁੰਦਾ। ਉਹ ਧੀਰ ਪੁਰਸ਼ ਹਮੇਸ਼ਾਂ ਪਾਪ ਤੋਂ ਸ਼ਾਵਧਾਨ ਰਹਿੰਦੇ ਹਨ। ਸੰਜਮ ਪਾਲਦੇ ਹਨ ਅਤੇ ਸੰਸਾਰ ਸਾਗਰ ਨੂੰ ਪਾਰ ਕਰ ਜਾਂਦੇ ਹਨ। (16)

ਪਾਪ ਤੋਂ ਘਿਰਨਾਂ ਕਰਨ ਵਾਲੇ, ਤੀਰਥੰਕਰ ਪ੍ਰਾਣੀ ਦੇ ਘਤ ਦੇ ਡਰ ਤੋਂ ਨਾ ਖੁਦ ਪਾਪ ਕਰਦੇ ਹਨ ਨਾ ਦੂਸਰੇ ਤੋਂ ਕਰਵਾਉਂਦੇ ਹਨ, ਕਰਮ ਦੇ ਖਾਤਮੇ ਵਿਚ ਨਿਪੁਨ ਉਹ ਪੁਰਸ਼. ਸਾਰਾ ਸਮਾਂ ਪਾਪਾਂ ਤੋਂ ਹਟ ਕ ਸੰਜਮ ਦਾ ਪਾਲਨ ਕਰਦੇ ਹਨ। ਪਰ ਦੂਸਰੇ ਧਰਮਾਂ ਦੇ ਲੋਕ ਦਾ ਗਿਆਨ ਧਾਰਨ ਕਰਕੇ, ਉਪਰੋਂ ਬਹਾਦਰੀ ਵਿਖਾਉਂਦੇ ਹਨ. ਕ੍ਰਿਆ ਰਾਹੀਂ ਨਹੀਂ। (17)

ਇਸ ਸੰਸਾਰ ਵਿਚ ਕੀੜੀ ਤੋਂ ਲੈ ਕੇ ਛੋਟੇ ਅਤੇ ਹਾਥੀ ਵਰਗੇ ਬੜੇ ਜੀਵ ਹਨ। ਉਨ੍ਹਾਂ ਸਭ ਨੂੰ ਪੰਡਤ ਪੁਰਸ਼ ਆਪਣੀ ਆਤਮਾ ਦੀ ਤਰ੍ਹਾਂ ਸਮਝਦਾ ਹੈ। ਇਸ ਲੋਕ ਨੂੰ ਮਹਾਨ (ਅਨੰਤ ਜੀਵਾਂ ਵਾਲਾ) ਸਮਝਦਾ ਹੈ। ਅਜੇਹਾ ਸਮਝ ਕੇ ਗਿਆਨੀ ਪੁਰਸ਼ ਸੰਜਮੀ ਮੁਨੀ ਕੋਲ ਸੰਜਮ ਧਾਰਨ ਕਰਦਾ ਹੈ। (18)

ਭਿਖਸ਼ੂ ਆਪਣੇ ਜਾਂ ਦੂਸਰੇ ਰਾਹੀਂ ਧਰਮ ਤਤੱਵ ਜਾਣ ਕੇ ਉਪਦੇਸ਼ ਕਰਦਾ ਹੈ ਉਹ ਆਪਣਾ ਤੇ ਦੂਸਰਿਆ ਦਾ ਬੇੜਾ ਪਾਰ ਕਰਨ ਵਿੱਚ ਸਮਰਥ ਹੈ। ਜੋ ਭਲੀ-ਭਾਂਤੀ ਸੱਚੀ ਸਮਝ ਰਾਹੀਂ, ਧਰਮ ਤਤੱਵ ਦਾ ਪ੍ਰਚਾਰ ਕਰਦਾ ਹੈ। ਅਜੇਹੇ ਜਯੋਤੀਮਾਨ ਮੁਨੀ ਦੀ ਸ਼ਰਨ ਗ੍ਰਹਿਣ ਕਰਨੀ ਚਾਹੀਦੀ ਹੈ। (19)

ਜੋ ਆਤਮਾ ਨੂੰ ਜਾਣਦਾ ਹੈ ਉਹ ਲੋਕ ਨੂੰ ਵੀ ਜਾਣਦਾ ਹੈ ਜੋ ਗਤਿ (ਜੂਨ) ਨੂੰ ਜਾਣਦਾ ਹੈ ਉਹ ਅਗਤਿ (ਮੋਕਸ਼) ਨੂੰ ਜਾਣਦਾ ਹੈ। ਜੋ ਮੋਕਸ ਨੂੰ ਜਾਣਦਾ ਹੈ ਉਹ ਸੰਸਾਰ ਦੇ ਸਵਰੂਪ ਨੂੰ ਜਾਣਦਾ ਹੈ ਅਤੇ ਜਨਮ-ਮਰਨ ਅਤੇ ਭਿੰਨ-ਭਿੰਨ ਗਤੀਆ (ਜੂਨਾਂ) ਵਿੱਚ ਉੱਤਪਤੀ ਨੂੰ ਜਾਣਦਾ ਹੈ ਜੋ ਨਰਕ ਵਿੱਚ ਪੈਦਾ ਹੋਣ ਵਾਲੇ ਜੀਵਾਂ ਦੀ ਗਤਿ ਨੂੰ ਜਾਣਦਾ ਹੈ। ਉਹ ਆਸ਼ਰਵ ਤੇ ਸੰਵਰ ਨੂੰ ਜਾਣਦਾ ਹੈ, ਜੋ ਦੁੱਖ ਤੇ ਕਰਮ ਨਿਰਜ਼ਰਾ ਨੂੰ ਜਾਣਦਾ ਹੈ ਉਹ ਪੁਰਸ਼ ਕ੍ਰਿਆਵਾਦ ਦਾ ਉਪਦੇਸ਼ ਦੇਣ ਦਾ ਹੱਕਦਾਰ ਹੈ। (ਭਾਵ ਆਤਮ ਤੇ ਲੋਕ ਦੇ ਪਦਾਰਥਾਂ ਦਾ ਸਵਰੂਪ ਸਮਝੇ ਬਿਨਾਂ ਕ੍ਰਿਆਵਾਦ ਦਾ ਠੀਕ ਉਪਦੇਸ਼ ਨਹੀਂ ਦਿੱਤਾ ਜਾ ਸਕਦਾ।) (20)

ਸਾਧੂ ਮਨਭਾਉਂਦੇ ਸ਼ਬਦ ਤੇ ਰੂਪ ਵਿੱਚ ਨਾ ਫਸਦਾ ਹੋਇਆ, ਭੈੜੀ, ਖੁਸ਼ਬੂ ਜਾਂ ਰਸ ਪ੍ਰਤੀ ਵੈਰ ਨਾ ਰਖਦਾ ਹੋਇਆ, ਨਾ ਜ਼ਿੰਦਗੀ ਦੀ ਇੱਛਾ ਕਰੇ ਨਾ ਮਰਨ ਦੀ ਇੱਛਾ ਕਰੇ। ਪਰ ਸੰਜਮ ਦਾ ਰਖਿਅਕ ਬਣ ਕੇ, ਛਲ ਕਪਟ ਰਹਿਤ ਹੋ ਕੇ ਸੰਜਮ ਦਾ ਪਾਲਨ ਕਰੇ, ਅਜਿਹਾ ਮੈਂ ਆਖਦਾ ਹਾਂ। (21)